# ਪੀ.ਐਮ. ਕੁਸਮ ਸਕੀਮ

# ਕੰਪੋਨੈਂਟ–ਬੀ

# ਅਧੀਨ

# ਪੰਜਾਬ ਵਿੱਚ ਖੇਤੀ ਦੀ ਸਿੰਚਾਈ ਲਈ

# 3, 5, 7.5 ਅਤੇ 10 ਹਾਰਸ ਪਾਵਰ ਦੇ 810 ਮੋਨੋਬਲਾਕ

# ਅਤੇ ਸਬਮਰਸੀਬਲ (AC) ਸੋਲਰ ਪੰਪ ਲਗਾਉਣ

# ਸਬੰਧੀ ਜਾਣਕਾਰੀ ਅਤੇ ਬਿਨੈ–ਪੱਤਰ ਫਾਰਮ

(F.Y. 2021-22)

Part -3


**ਪੰਜਾਬ ਊਰਜਾ ਵਿਕਾਸ ਏਜੰਸੀ**

ਪਲਾਟ ਨੰ: 1–2, ਸੈਕਟਰ 33–ਡੀ, ਚੰਡੀਗੜ੍ਹ

ਫੋਨ ਨੰ: **0172-2663328,2663382**

ਵੈਬਸਾਈਟ **:- www.pmkusum.peda.gov.in**

## ਵਿਸ਼ਾ ਸੂਚੀ


| ਲੜੀ ਨੰ: | ਵਿਸ਼ਾ | ਪੰਨਾ ਨੰ: |
|---|---|---|
| 1. | ਸੋਲਰ ਪੰਪ ਲਗਾਉਣ ਵਾਸਤੇ ਅਰਜੀਆਂ ਲੈਣ ਲਈ ਇਸ਼ਤਿਹਾਰ | **3-4** |
| 2. | ਪੰਜਾਬ ਊਰਜਾ ਵਿਕਾਸ ਏਜੰਸੀ | **5** |
| 3. | ਪੀ.ਐਮ. ਕੁਸਮ ਸਕੀਮ | **5-6** |
| 4. | ਸੋਲਰ ਪੰਪ ਅਤੇ ਮੁੱਖ ਭਾਗ | **6-7** |
| 5. | ਸੋਲਰ ਪੰਪ ਦੇ ਲਾਭ ਅਤੇ ਖਾਮੀਆਂ | **7-8** |
| 6. | ਵੱਖ ਵੱਖ ਪੰਪਾਂ ਦੁਆਰਾ ਪਾਣੀ ਦੀ ਨਿਕਾਸੀ ਦਾ ਵੇਰਵਾ | **8** |
| 7. | ਲੋੜੀਂਦੀ ਜਮੀਨ ਅਤੇ ਛਾਂ ਰਹਿਤ ਏਰੀਏ ਦਾ ਵੇਰਵਾ | **8** |
| 8. | ਸੋਲਰ ਪੰਪਾਂ ਦੀ ਕੀਮਤ ਅਤੇ ਕਿਸਾਨਾਂ ਦੇ ਹਿੱਸੇ ਦੀ ਰਕਮ ਦਾ ਵੇਰਵਾ | **9** |
| 9. | ਅਲਾਟਮੈਂਟ ਦੀ ਵਿਧੀ ਅਤੇ ਹੋਰ ਸ਼ਰਤਾਂ | **9-16** |
| 10. | 33 ਬਲਾਕਾਂ ਵਿੱਚ ਸੋਲਰ ਪੰਪ ਲਗਾਉਣ ਲਈ ਬਿਨੈ-ਪੱਤਰ ਫਾਰਮ | **17-20** |
| 11. | ਦੂਜੇ ਬਲਾਕਾਂ (ਡਾਰਕ ਜੋਨਾਂ) ਵਿੱਚ ਸੋਲਰ ਪੰਪ ਲਗਾਉਣ ਲਈ ਬਿਨੈ-ਪੱਤਰ ਫਾਰਮ | **21-24** |
| 12. | ਜਮੀਨ ਦੀ ਮਾਲਕੀ ਸਬੰਧੀ ਪਟਵਾਰੀ ਦਾ ਸਰਟੀਫਿਕੇਟ **ਜਾਂ** ਹਲਫੀਆ ਬਿਆਨ / ਕਿਸਾਨ ਦਾ ਖੁਦ ਤਸਦੀਕ ਕੀਤਾ ਸਰਟੀਫਿਕੇਟ | **25-26** |
| 13. | ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਵਲੋਂ ਖੇਤੀ ਦੀ ਸਿੰਚਾਈ ਲਈ ਬਿਜਲੀ ਦਾ ਕੁਨੈਕਸ਼ਨ (ਬਿਜਲੀ ਵਾਲੀ ਮੋਟਰ) ਨਾ ਹੋਣ ਸੰਬਧੀ ਸਰਟੀਫਿਕੇਟ **ਜਾਂ** ਹਲਫੀਆ ਬਿਆਨ/ ਕਿਸਾਨ ਦਾ ਖੁਦ ਤਸਦੀਕ ਕੀਤਾ ਸਰਟੀਫਿਕੇਟ | **27-28** |
| 14. | ਲਘੂ /ਮਾਈਕਰੋ (ਤੁਪਕਾ / ਫੁਹਾਰਾ) ਸਿੰਚਾਈ ਸਿਸਟਮ / ਪਿੰਡ ਦਾ ਛੱਪੜ / ਫਾਰਮ ਪੌਂਡ ਸੰਬਧੀ ਖੇਤੀਬਾੜੀ / ਬਾਗਬਾਨੀ / Soil and Water Conservation dept. ਦਾ ਸਰਟੀਫਿਕੇਟ ਜਾਂ ਹਲਫੀਆ ਬਿਆਨ /ਕਿਸਾਨ ਦਾ ਖੁਦ ਤਸਦੀਕ ਕੀਤਾ ਸਰਟੀਫਿਕੇਟ | **29-30** |

# ਪੰਜਾਬ ਦੇ ਕਿਸਾਨਾਂ ਲਈ ਸੁਨਿਹਰੀ ਮੌਕਾ

ਪੰਜਾਬ ਸਰਕਾਰ ਵਲੋਂ ਪੀ.ਐਮ. ਕੁਸਮ ਸਕੀਮ ਦੇ ਕੰਪੋਨੈਂਟ-ਬੀ ਅਧੀਨ

ਪੰਜਾਬ ਵਿੱਚ ਸੋਲਰ ਪੰਪ ਲਗਾਉਣ ਵੱਲ ਇਕ ਹੋਰ ਕਦਮ...

## 810 ਸੋਲਰ ਪੰਪ (AC)

(ਮੋਨੋਬਲਾਕ ਅਤੇ ਸਬਮਰਸੀਬਲ)

## ਸਬਸਿਡੀ

**ਆਮ ਸ਼੍ਰੇਣੀ** 60%

**ਅਨੁਸੂਚਿਤ ਜਾਤੀ** 80%

**(Opening date 27.04.2022 Closing date 04.05.2022 ਜਾਂ ਟੀਚਾ ਪੂਰਾ ਹੋਣ ਦੀ ਮਿਤੀ ਜੋ ਪਹਿਲਾਂ ਹੋਵੇ)**

ਪੰਜਾਬ ਦੇ ਮੁੱਖ ਤੌਰ ਤੇ ਹੇਠਾਂ ਲਿੱਖੇ 33 ਬਲਾਕਾਂ ਜਿਨ੍ਹਾਂ ਵਿੱਚ ਪਾਣੀ ਦੀ ਨਿਕਾਸੀ 100% ਤੋਂ ਘੱਟ ਹੈ ਦੇ ਚਾਹਵਾਨ ਕਿਸਾਨਾਂ/ਕਿਸਾਨ ਸਮੂਹਾਂ/ਪੰਚਾਇਤਾਂ ਤੋਂ ਹਰੇਕ ਪ੍ਰਕਾਰ ਦੀ ਸਿੰਚਾਈ ਵਾਸਤੇ ਅਤੇ ਇਸ ਤੋਂ ਇਲਾਵਾ ਰਾਜ ਦੇ ਬਾਕੀ ਸਾਰੇ ਅਸੁਰੱਖਿਅਤ ਬਲਾਕਾਂ (Dark zone blocks) ਦੇ ਕਿਸਾਨਾਂ ਜੋ ਡੀਜਲ ਪੰਪਾਂ ਨਾਲ ਚੱਲਣ ਵਾਲੇ ਲਘੂ / ਮਾਈਕਰੋ ਸਿੰਚਾਈ ਸਿਸਟਮ ਦੀ ਵਰਤੋਂ ਕਰਦੇ ਹਨ ਜਾਂ ਪੁਰਾਣੇ ਬੋਰਾਂ ਤੇ ਮਾਈਕਰੋ ਸਿੰਚਾਈ ਸਿਸਟਮ ਲਗਾਉਣਾ ਚਾਹੁੰਦੇ ਹਨ ਜਾਂ ਪਿੰਡਾਂ ਦੇ ਛੱਪੜਾਂ /ਫਾਰਮ ਤਲਾਬਾਂ/ਡਿੱਗੀਆਂ ਵਿੱਚੋਂ ਖੇਤੀ ਦੀ ਸਿੰਚਾਈ ਵਾਸਤੇ ਪਾਣੀ ਚੁੱਕਣ ਲਈ ਡੀਜਲ ਪੰਪਾਂ ਦੀ ਵਰਤੋਂ ਕਰਦੇ ਹਨ ਤੋਂ 3, 5, 7.5 ਅਤੇ 10 ਹਾਰਸ ਪਾਵਰ ਦੇ ਮੋਨੋਬਲਾਕ ਤੇ ਸਬਮਰਸੀਬਲ **(AC)** ਸੋਲਰ ਪੰਪ ਲਗਾਉਣ ਲਈ ਪਹਿਲਾਂ ਆਓ ਪਹਿਲਾਂ ਪਾਓ ਦੇ ਅਧਾਰ ਤੇ **www.pmkusum.peda.gov.in** ਆਨਲਾਈਨ ਬਿਨੈ-ਪੱਤਰਾਂ ਦੀ ਮੰਗ ਕੀਤੀ ਜਾਂਦੀ ਹੈ।

| ਲੜੀ ਨੰ: | ਜ਼ਿਲ੍ਹਾ | 33 ਸੁਰੱਖਿਅਤ ਬਲਾਕ | ਸੋਲਰ ਪੰਪ ਲਈ ਅਪਲਾਈ ਕਰਨ ਵਾਲੇ ਕਿਸਾਨਾਂ ਦੀ ਯੋਗਤਾ |
|---|---|---|---|
| 1. | ਬਠਿੰਡਾ | ਸੰਗਤ, ਰਾਮਪੁਰਾ ਅਤੇ ਤਲਵੰਡੀ ਸਾਬੋ | i. ਉਹ ਕਿਸਾਨ ਜੋ ਹਰੇਕ ਪ੍ਰਕਾਰ ਦੀ ਸਿੰਚਾਈ ਲਈ ਡੀਜਲ ਪੰਪਾਂ ਦੀ ਵਰਤੋਂ ਕਰਦੇ ਹਨ<br>ii. ਉਹ ਕਿਸਾਨ / ਪੰਚਾਇਤਾਂ ਜੋ ਪਿੰਡਾਂ ਦੇ ਤਲਾਬਾਂ, ਫਾਰਮ ਤਲਾਬਾਂ / ਡਿੱਗੀਆਂ ਵਿਚੋਂ ਸਿੰਚਾਈ ਵਾਸਤੇ ਪਾਣੀ ਚੁਕਣ ਲਈ ਡੀਜਲ ਪੰਪਾਂ ਦੀ ਵਰਤੋਂ ਕਰਦੇ ਹਨ ਜਾਂ ਕਰਨਾ ਚਾਹੁੰਦੇ ਹਨ।<br>iii. ਉਹ ਕਿਸਾਨ ਜੋ ਨਵਾਂ ਬੋਰ ਕਰਕੇ ਸੋਲਰ ਪੰਪ ਲਗਾਉਣਾ ਚਾਹੁੰਦੇ ਹਨ। |
| 2. | ਫਾਜ਼ਿਲਕਾ | ਅਬੋਹਰ, ਖੁਈਆਂ ਸਰਵਰ ਅਤੇ ਫਾਜ਼ਿਲਕਾ | |
| 3. | ਸ਼੍ਰੀ ਮੁਕਤਸਰ ਸਾਹਿਬ | ਗਿਦੜਬਾਹਾ, ਲੰਬੀ, ਮਲੋਟ ਅਤੇ ਸ਼੍ਰੀ ਮੁਕਤਸਰ ਸਾਹਿਬ | |
| 4. | ਗੁਰਦਾਸਪੁਰ | ਦੋਰਾਂਗਲਾ, ਦੀਨਾ ਨਗਰ, ਗੁਰਦਾਸਪੁਰ, ਕਾਦੀਆਂ ਅਤੇ ਸ਼੍ਰੀ ਹਰਗੋਬਿੰਦਪੁਰ | |
| 5. | ਪਠਾਨਕੋਟ | ਧਾਰਕਲਾਂ, ਪਠਾਨਕੋਟ, ਸੁਜਾਨਪੁਰ, ਬਮਿਆਲ, ਘਰੋਟਾ ਅਤੇ ਨਰੋਟ ਜੈਮਲ ਸਿੰਘ | |
| 6. | ਹੁਸ਼ਿਆਰਪੁਰ | ਭੂੰਗਾ, ਹਾਜੀਪੁਰ, ਤਲਵਾੜਾ, ਹੁਸ਼ਿਆਰਪੁਰ-2, ਮਾਹਿਲਪੁਰ ਅਤੇ ਮੁਕੇਰੀਆਂ | |
| 7. | ਸ਼ਹੀਦ ਭਗਤ ਸਿੰਘ ਨਗਰ | ਸੜੋਆ ਅਤੇ ਬਲਾਚੌਰ | |
| 8. | ਰੋਪੜ | ਰੋਪੜ, ਅਨੰਦਪੁਰ ਸਾਹਿਬ ਅਤੇ ਨੂਰਪੁਰ ਬੇਦੀ | |
| 9. | ਸਾਹਿਬਜਾਦਾ ਅਜੀਤ ਸਿੰਘ ਨਗਰ (ਮੋਹਾਲੀ) | ਮਾਜਰੀ | |
| **Other blocks (Dark zone Blocks)** | | | |
| 1. | ਸਾਰੇ ਜ਼ਿਲ੍ਹੇ | **ਉੱਪਰ ਲਿਖੇ 33 ਬਲਾਕਾਂ ਨੂੰ ਛੱਡ ਕੇ ਬਾਕੀ ਸਾਰੇ ਬਲਾਕ**<br>ਨੋਟ :- ਇਹਨਾਂ ਬਲਾਕਾਂ ਵਿੱਚ ਨਵੇਂ ਬੋਰ ਨਹੀਂ ਕੀਤੇ ਜਾ ਸਕਦੇ । | i. ਉਹ ਕਿਸਾਨ ਜੋ ਸਿੰਚਾਈ ਲਈ ਡੀਜਲ ਪੰਪਾਂ ਨਾਲ ਚੱਲਣ ਵਾਲੇ ਲਘੂ / ਮਾਈਕਰੋ (ਡਰਿਪ /ਫੁਹਾਰਾ) ਸਿਸਟਮ ਦੀ ਵਰਤੋ ਕਰਦੇ ਹਨ ਜਾਂ ਕਰਨਾ ਚਾਹੁੰਦੇ ਹਨ ।<br>ii. ਉਹ ਕਿਸਾਨ / ਪੰਚਾਇਤਾਂ ਜੋ ਪਿੰਡਾਂ ਦੇ ਤਲਾਬਾਂ, ਫਾਰਮ ਤਲਾਬਾਂ / ਨਹਿਰੀ ਪਾਣੀ ਦੀਆਂ ਡਿੱਗੀਆਂ ਵਿਚੋਂ ਸਿੰਚਾਈ ਵਾਸਤੇ ਪਾਣੀ ਚੁੱਕਣ ਲਈ ਡੀਜਲ ਪੰਪਾਂ ਦੀ ਵਰਤੋਂ ਕਰਦੇ ਹਨ ਜਾਂ ਕਰਨਾ ਚਾਹੁੰਦੇ ਹਨ। |

**ਨੋਟ :- ਜਿਨ੍ਹਾਂ ਕਿਸਾਨਾਂ ਨੇ ਆਪਣੇ ਜਾਂ ਪਰਿਵਾਰਿਕ ਮੈਂਬਰਾਂ ਦੇ ਨਾਮ ਤੇ ਪੀ.ਐਸ.ਪੀ.ਸੀ.ਐਲ ਤੋਂ ਸਿੰਚਾਈ ਲਈ ਬਿਜਲੀ ਵਾਲੀ ਮੋਟਰ ਦਾ ਕੁਨੈਕਸ਼ਨ ਲਿਆ ਹੋਇਆ ਹੈ ਅਤੇ ਜਿਹਨਾਂ ਨੇ ਪਹਿਲਾਂ ਹੀ ਸੋਲਰ ਪੰਪ ਲਗਵਾਇਆ ਹੋਇਆ ਹੈ ਉਹ ਕਿਸਾਨ ਇਸ ਸਕੀਮ ਅਧੀਨ ਅਪਲਾਈ ਨਹੀ ਕਰ ਸਕਦੇ।**

810 ਸੋਲਰ ਪੰਪ ਲਗਾਉਣ ਲਈ ਸਕੀਮ ਦਾ ਵੇਰਵਾ, ਨੀਯਮ, ਸ਼ਰਤਾਂ ਅਤੇ ਬਿਨੈ ਪੱਤਰ ਫਾਰਮ ਬਰੋਸ਼ਰ ਵਿੱਚ ਦਿੱਤੇ ਗਏ ਹਨ ਜੋ ਕਿ **www.pmkusum.peda.gov.in** ਤੇ ਦੇਖੇ ਅਤੇ ਡਾਉਨ ਲੋਡ ਕੀਤੇ ਜਾ ਸਕਦੇ ਹਨ।

i. ਯੋਗ ਕਿਸਾਨਾਂ ਨੂੰ ਸੋਲਰ ਪੰਪਾਂ ਦੀ ਅਲਾਟਮੈਂਟ ਪਹਿਲਾਂ ਆਓ-ਪਹਿਲਾਂ ਪਾਓ ਦੇ ਅਧਾਰ ਤੇ ਕੀਤੀ ਜਾਵੇਗੀ ਪ੍ਰੰਤੂ ਲਘੂ / ਮਾਈਕਰੋ ਸਿੰਚਾਈ ਵਾਲੇ ਕਿਸਾਨਾਂ ਨੂੰ ਪਹਿਲ ਦਿੱਤੀ ਜਾਵੇਗੀ ।

ii. ਕਿਸਾਨਾਂ ਵਲੋਂ ਆਪਣੀਆਂ ਮੁਕੰਮਲ ਅਰਜੀਆਂ ਲੋੜੀਂਦੇ ਦਸਤਾਵੇਜ਼ਾਂ ਸਮੇਤ ਵੈਬਸਾਈਟ **www.pmkusum.peda.gov.in** ਤੇ ਆਨਲਾਈਨ ਜਮ੍ਹਾਂ ਕਰਨੀਆਂ ਹੋਣਗੀਆਂ ਅਤੇ ਆਪਣੇ ਹਿਸੇ ਦੀ ਰਕਮ ਵੀ ਵੈਬਸਾਈਟ ਤੇ ਆਨਲਾਈਨ (Net Banking, Debit Card and Credit Card) ਵਿੱਧੀ ਰਾਂਹੀ ਜਮ੍ਹਾਂ ਕਰਨੀ ਹੋਵੇਗੀ। ਬਿਨੈ-ਪੱਤਰ ਅਤੇ ਕਿਸਾਨ ਦੇ ਹਿੱਸੇ ਦੀ ਰਕਮ ਆਨਲਾਈਨ ਜਮ੍ਹਾਂ ਕਰਨ ਲਈ ਵਿਸਤ੍ਰਿਤ ਵੇਰਵਾ ਬਰੋਸ਼ਰ ਦੀ clause 8 e ਵਿੱਚ ਦਿੱਤਾ ਗਿਆ ਹੈ। **ਸੋਲਰ ਪੰਪਾਂ ਦੀ ਕੁੱਲ ਕੀਮਤ ਅਤੇ ਕਿਸਾਨਾਂ ਵਲੋਂ ਜਮ੍ਹਾਂ ਕਰਨ ਯੋਗ ਰਕਮ ਦਾ ਵੇਰਵਾ ਹੇਠਾਂ ਲਿਖੇ ਅਨੁਸਾਰ ਹੈ।**

| ਲੜੀ ਨੰ | ਸੋਲਰ ਪੰਪ ਦੀ ਸਮਰਥਾ (ਹਾਰਸ ਪਾਵਰ) | **ਮੋਨੋਬਲਾਕ ਸੋਲਰ ਪੰਪ (AC)** | | | **ਸਬਮਰਸੀਬਲ ਸੋਲਰ ਪੰਪ (AC)** | | |
|---|---|---|---|---|---|---|---|
| | | ਕੁੱਲ ਕੀਮਤ (ਰੁਪਏ) | ਕਿਸਾਨ ਦੇ ਹਿੱਸੇ ਦੀ ਰਕਮ | | ਕੁੱਲ ਕੀਮਤ (ਰੁਪਏ) | ਕਿਸਾਨ ਦੇ ਹਿੱਸੇ ਦੀ ਰਕਮ | |
| | | | ਆਮ ਸ਼੍ਰੇਣੀ (ਘੱਟੋ- ਘੱਟ 40%) (ਰੁਪਏ) | ਅਨੁਸੂਚਿਤ ਜਾਤੀ (ਘੱਟੋ - ਘੱਟ 20%) (ਰੁਪਏ) | | ਆਮ ਸ਼੍ਰੇਣੀ (ਘੱਟੋ- ਘੱਟ 40%) (ਰੁਪਏ) | ਅਨੁਸੂਚਿਤ ਜਾਤੀ (ਘੱਟੋ - ਘੱਟ 20%) (ਰੁਪਏ) |
| 1. | 3 | 1,78,553/- | 71,421/- | 35,711/- | 1,81,511/- | 72,605/- | 36,303/- |
| 2. | 5 | 2,56,278/- | 1,02,512/- | 51,256/- | 2,58,326/- | 1,03,331/- | 51,666/- |
| 3. | 7.5 | 3,64,160/- | 1,45,664/- | 72,832/- | 3,64,274/- | 1,45,710/- | 72,855/- |
| 4. | 10 | 4,59,752/- | 2,41,256/- | 1,68,424/- | 4,62,028/- | 2,43,464/- | 1,70,609/- |

ਪੰਜਾਬ ਊਰਜਾ ਵਿਕਾਸ ਏਜੰਸੀ ਨੂੰ ਸਰਕਾਰ ਦੀ ਪਾਲਿਸੀ ਵਿੱਚ ਤਬਦੀਲੀ ਹੋਣ ਤੇ ਜਾਂ ਕਿਸੇ ਹੋਰ ਕਾਰਨ ਕਰਕੇ ਸਕੀਮ ਵਾਪਿਸ ਲੈਣ / ਸੋਧ ਕਰਨ / ਰੱਦ ਕਰਨ ਦਾ ਪੂਰਾ ਅਧਿਕਾਰ ਹੋਵੇਗਾ ਅਤੇ ਇਸ ਨਾਲ ਹੋਣ ਵਾਲੀ ਕਿਸੇ ਵੀ ਪ੍ਰਕਾਰ ਦੀ ਅਸੁਵਿਧਾ ਲਈ ਜਿੰਮੇਵਾਰੀ ਨਹੀਂ ਹੋਵੇਗੀ ।


PEDA

# ਪੰਜਾਬ ਊਰਜਾ ਵਿਕਾਸ ਏਜੰਸੀ

**ਪਲਾਟ ਨੰ 1-2, ਸੈਕਟਰ 33-ਡੀ, ਚੰਡੀਗੜ੍ਹ**

**ਫੋਨ ਨੰ** 0172-2663328,2663382

**ਵੈਬਸਾਈਟ:- www.pmkusum.peda.gov.in**

## 1. ਪੰਜਾਬ ਊਰਜਾ ਵਿਕਾਸ ਏਜੰਸੀ (ਪੇਡਾ) :-

ਪੰਜਾਬ ਊਰਜਾ ਵਿਕਾਸ ਏਜੰਸੀ ਨਵੇਂ ਅਤੇ ਨਵਿਅਉਣਯੋਗ ਊਰਜਾ ਸਾਧਨਾਂ ਨੂੰ ਲਾਗੂ, ਪ੍ਰੋਮੋਟ ਅਤੇ ਵਿਕਸਿਤ ਕਰਨ ਲਈ ਪੰਜਾਬ ਸਰਕਾਰ ਦਾ ਨੋਡਲ ਅਤੇ ਊਰਜਾ ਸੰਜਮ ਪ੍ਰੋਗਰਾਮ ਨੂੰ ਲਾਗੂ ਕਰਨ ਦਾ ਅਧਿਕਾਰਿਤ ਅਦਾਰਾ ਹੈ। ਪੇਡਾ ਵਲੋਂ ਸ਼ੁਰੂ ਤੋਂ ਹੀ ਨਵਿਆਉਣਯੋਗ ਊਰਜਾ ਸਰੋਤਾਂ (ਸੂਰਜ, ਹਵਾ, ਬਾਇਓਮਾਸ ਤੇ ਪਾਣੀ) ਤੋਂ ਊਰਜਾ ਪੈਦਾ ਕਰਨ ਲਈ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਪੰਜਾਬ ਦੀਆਂ ਊਰਜਾ ਜਰੂਰਤਾਂ ਨੂੰ ਪੂਰਾ ਕਰਨ ਲਈ ਸੋਲਰ ਪਾਵਰ ਪਲਾਂਟ, ਸੋਲਰ ਸਟੀਰਟ ਲਾਈਟਾਂ, ਸੋਲਰ ਵਾਟਰ ਹੀਟਿੰਗ ਸਿਸਟਮ, ਸੋਲਰ ਪੰਪ, ਬਾਇਓਮਾਸ ਪਾਵਰ ਪਲਾਂਟ, ਕੋਜਨਰੇਸ਼ਨ ਪਾਵਰ ਪਲਾਂਟ ਅਤੇ ਛੋਟੇ ਪਣ ਬਿਜਲੀ ਘਰ ਸਥਾਪਿਤ ਕੀਤੇ ਜਾ ਰਹੇ ਹਨ।ਹੁਣ ਤੱਕ ਪੰਜਾਬ ਵਿਚ 1118 ਮੈਗਾਵਾਟ ਦੇ ਸੋਲਰ ਪਾਵਰ ਪਲਾਂਟ, 97.50 ਮੈਗਾਵਾਟ ਦੇ ਬਾਇਓਮਾਸ ਪਾਵਰ ਪਲਾਂਟ, 458 ਮੈਗਾਵਾਟ ਦੇ ਕੋਜਨਰੇਸ਼ਨ ਪਾਵਰ ਪਲਾਂਟ, 172 ਮੈਗਾਵਾਟ ਦੇ ਛੋਟੇ ਪਣ ਬਿਜਲੀ ਘਰ ਸਥਾਪਿਤ ਕੀਤੇ ਗਏ ਹਨ । ਇਨ੍ਹਾਂ ਤੋਂ ਇਲਾਵਾ 99680 ਸੋਲਰ ਸਟਰੀਟ ਲਾਈਟਾਂ, 33 ਲੱਖ ਲੀਟਰ ਸਮੱਰਥਾ ਦੇ ਸੋਲਰ ਵਾਟਰ ਹੀਟਿੰਗ ਸਿਸਟਮ ਅਤੇ 13000 ਸੋਲਰ ਪੰਪ ਸਥਾਪਿਤ ਕੀਤੇ ਗਏ ਹਨ।

## 2. ਪੀ.ਐਮ ਕੁਸਮ ਸਕੀਮ :-

ਭਾਰਤ ਸਰਕਾਰ ਦੇ ਨਵੇਂ ਅਤੇ ਨਵਿਆਉਣਯੋਗ ਊਰਜਾ ਮੰਤਰਾਲੇ ਵਲੋਂ ਖੇਤੀਬਾੜੀ ਸੈਕਟਰ ਵਿੱਚ ਸੋਲਰ ਊਰਜਾ ਦੀ ਵਰਤੋਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਅਤੇ ਪ੍ਰਧਾਨ ਮੰਤਰੀ ਕਿਸਾਨ ਊਰਜਾ ਸੁਰੱਖਿਆ ਏਵਮ ਉਥਾਨ ਮਹਾਅਭਿਆਨ (ਪੀ.ਐਮ-ਕੁਸਮ) ਸਕੀਮ ਦੀ ਸ਼ੁਰੂਆਤ ਕਿਸਾਨਾਂ ਨੂੰ ਊਰਜਾ ਸੁਰੱਖਿਆ, ਆਮਦਨ ਵਧਾਉਣ, ਊਰਜਾ ਦੇ ਰਵਾਇਤੀ ਸਰੋਤਾਂ ਅਤੇ ਵਾਤਾਵਰਣ ਨੂੰ ਬਚਾਉਣ ਦੇ ਮਕਸਦ ਨਾਲ ਕੀਤੀ ਗਈ ਹੈ ।

ਪੀ.ਐਮ ਕੁਸਮ ਸਕੀਮ ਦੇ ਤਿੰਨ ਕੰਪੋਨੈਂਟ ਹਨ।ਕੰਪੋਨੈਂਟ-ਏ ਅਧੀਨ ਕਿਸਾਨ 2 ਮੈਗਾਵਾਟ ਤੱਕ ਦੇ ਸੋਲਰ ਪਾਵਰ ਪਲਾਂਟ, ਕੰਪੋਨੈਂਟ-ਬੀ ਅਧੀਨ ਸਟੈਂਡ ਅਲੋਨ ਆਫ ਗਰਿੱਡ ਸੋਲਰ ਪੰਪ ਅਤੇ ਕੰਪੋਨੈਂਟ-ਸੀ ਅਧੀਨ ਗਰਿੱਡ ਕੁਨੈਕਟਡ ਸੋਲਰ ਪੰਪ ਸਥਾਪਿਤ ਕੀਤੇ ਜਾਣੇ ਹਨ।ਇਸ ਸਕੀਮ ਦੇ ਕੰਪੋਨੈਂਟ-ਬੀ ਅਧੀਨ ਪੰਜਾਬ ਵਿੱਚ 810 ਸੋਲਰ ਪੰਪ ਲਗਾਏ ਜਾਣੇ ਹਨ।ਭਾਰਤ ਸਰਕਾਰ ਵਲੋਂ ਸੋਲਰ ਪੰਪ ਲਗਾਉਣ ਤੇ 30% ਸਬਸਿਡੀ ਦਿੱਤੀ ਜਾ ਰਹੀ ਹੈ।

ਪੰਜਾਬ ਸਰਕਾਰ ਨੇ ਸੋਲਰ ਪੰਪਿੰਗ ਸਕੀਮ ਨੂੰ ਸੂਬੇ ਵਿੱਚ ਲਾਗੂ ਕਰਨ ਦਾ ਫੈਸਲਾ ਕੀਤਾ ਹੈ ਜਿਸ ਤਹਿਤ ਜਨਰਲ ਸ਼੍ਰੇਣੀ ਦੇ ਕਿਸਾਨਾਂ ਨੂੰ 30% ਅਤੇ ਅਨੁਸੂਚਿਤ ਜਾਤੀ ਦੇ ਕਿਸਾਨਾਂ ਨੂੰ 50% ਸਬਸਿਡੀ ਦਿੱਤੀ ਜਾਵੇਗੀ ਜਿਸਦਾ ਫੰਡਿੰਗ ਪੈਟਰਨ ਕ੍ਰਮਵਾਰ CS:SS:Benf = 30:30:40 ਅਤੇ 30:50:20 ਹੋਵੇਗਾ ।ਜਨਰਲ ਸ਼ੇਣੀ ਦੇ ਕਿਸਾਨਾਂ ਨੂੰ ਕੁੱਲ 60% ਅਤੇ ਅਨੁਸੂਚਿਤ ਜਾਤੀ ਦੇ ਕਿਸਾਨਾਂ ਨੂੰ 80% ਸਬਸਿਡੀ ਦਿੱਤੀ ਜਾਵੇਗੀ ਅਤੇ ਉਹਨਾਂ ਨੂੰ ਆਪਣੇ ਹਿੱਸੇ ਦੇ ਤੌਰ ਤੇ ਕ੍ਰਮਵਾਰ 40% ਅਤੇ 20% ਰਕਮ ਜਮ੍ਹਾਂ ਕਰਵਾਉਣੀ ਹੋਵੇਗੀ।

ਪੀ.ਐਮ ਕੁਸਮ ਸਕੀਮ ਦੀਆਂ ਗਾਈਡ ਲਾਈਨਾਂ ਅਨੁਸਾਰ ਇਹ ਸਕੀਮ ਪੰਜਾਬ ਵਿੱਚ ਮੁੱਖ ਤੌਰ ਤੇ 33 ਬਲਾਕਾਂ ਜਿਨ੍ਹਾਂ ਵਿੱਚ ਪਾਣੀ ਦੀ ਨਿਕਾਸੀ 100% ਤੋਂ ਘੱਟ ਹੈ ਵਿੱਚ ਹਰੇਕ ਪ੍ਰਕਾਰ ਦੀ ਸਿੰਚਾਂਈ ਵਾਸਤੇ ਲਾਗੂ ਕੀਤੀ ਜਾਣੀ ਹੈ ।ਇਹਨਾਂ ਬਲਾਕਾਂ ਦੇ ਕਿਸਾਨ ਨਵੇਂ ਅਤੇ ਪੁਰਾਣੇ ਬੋਰਾਂ ਤੇ ਸੋਲਰ ਪੰਪ ਲਗਾ ਸਕਦੇ ਹਨ ਜਦੋਂ ਕਿ ਅਸੁੱਰਖਿਅਤ (Dark zones)

ਬਲਾਕਾਂ ਦੇ ਕਿਸਾਨ ਪਹਿਲਾਂ ਤੋਂ ਲੱਗੇ ਹੋਏ ਡੀਜ਼ਲ ਇੰਜਣਾਂ ਨਾਲ ਚੱਲਣ ਵਾਲੇ ਮਾਇਕਰੋ ਸਿਸਟਮਾਂ/ ਪੁਰਾਣੇ ਬੋਰਾਂ ਤੇ ਨਵੇਂ ਮਾਇਕਰੋ ਸਿਸਟਮ ਲਗਾ ਕੇ ਜਾਂ ਪਿੰਡਾਂ ਦੇ ਛੱਪੜਾਂ ਜਾਂ ਫਾਰਮ ਤਲਾਬਾਂ / ਡਿੱਗੀਆਂ ਜੋ ਨਹਿਰੀ ਜਾਂ ਦਰਿਆਈ ਪਾਣੀ ਨਾਲ ਭਰਦੀਆਂ ਹਨ, ਤੋਂ ਪਾਣੀ ਚੁੱਕਣ ਲਈ ਲਾਗੂ ਕੀਤੀ ਜਾਣੀ ਹੈ।ਇਹਨਾਂ ਬਲਾਕਾਂ ਵਿੱਚ ਨਵੇਂ ਬੋਰ ਨਹੀਂ ਕੀਤੇ ਜਾ ਸਕਦੇ । 3, 5, 7.5 ਅਤੇ 10 ਹਾਰਸ ਪਾਵਰ ਦੇ ਮੋਨੋਬਲਾਕ ਤੇ ਸਬਮਰਸੀਬਲ **(AC)** ਸੋਲਰ ਪੰਪ ਸੁਰੱਖਿਅਤ ਅਤੇ ਅਸੁਰੱਖਿਅਤ ਬਲਾਕਾਂ ਦੇ ਖੇਤੀਬਾੜੀ ਸੈਕਟਰ ਵਿੱਚ ਹੇਠਾਂ ਲਿਖੀਆਂ ਸ਼ਰਤਾਂ ਦੇ ਅਧਾਰ ਤੇ ਲਗਾਏ ਜਾਣੇ ਹਨ।

| ਲੜੀ ਨੰ: | **ਜ਼ਿਲ੍ਹਾ** | 33 **ਬਲਾਕ** | **ਸੋਲਰ ਪੰਪ ਲਈ ਅਪਲਾਈ ਕਰਨ ਵਾਲੇ ਕਿਸਾਨਾਂ ਦੀ ਯੋਗਤਾ** |
|---|---|---|---|
| 1. | ਬਠਿੰਡਾ | ਸੰਗਤ, ਰਾਮਪੁਰਾ ਅਤੇ ਤਲਵੰਡੀ ਸਾਬੋ | i. ਉਹ ਕਿਸਾਨ ਜੋ ਹਰ ਪ੍ਰਕਾਰ ਦੀ ਸਿੰਚਾਈ ਲਈ ਡੀਜਲ ਪੰਪਾਂ ਦੀ ਵਰਤੋਂ ਕਰਦੇ ਹਨ ।<br>ii. ਉਹ ਕਿਸਾਨ / ਪੰਚਾਇਤਾਂ ਜੋ ਪਿੰਡਾਂ ਦੇ ਤਲਾਬਾਂ, ਫਾਰਮ ਤਲਾਬਾਂ / ਡਿੱਗੀਆਂ ਵਿਚੋਂ ਸਿੰਚਾਈ ਵਾਸਤੇ ਪਾਣੀ ਚੁਕਣ ਲਈ ਡੀਜਲ ਪੰਪਾਂ ਦੀ ਵਰਤੋਂ ਕਰਦੇ ਹਨ ਜਾਂ ਕਰਨਾ ਚਾਹੁੰਦੇ ਹਨ।<br>iii. ਉਹ ਕਿਸਾਨ ਜੋ ਨਵਾਂ ਬੋਰ ਕਰਕੇ ਸੋਲਰ ਪੰਪ ਲਗਾਉਣਾ ਚਾਹੁੰਦੇ ਹਨ। |
| 2. | ਫਾਜ਼ਿਲਕਾ | ਅਬੋਹਰ, ਖੁਈਆਂ ਸਰਵਰ ਅਤੇ ਫਾਜ਼ਿਲਕਾ | |
| 3. | ਸ਼੍ਰੀ ਮੁਕਤਸਰ ਸਾਹਿਬ | ਗਿਦੜਬਾਹਾ, ਲੰਬੀ, ਮਲੋਟ ਅਤੇ ਸ਼੍ਰੀਮੁਕਤਸਰ ਸਾਹਿਬ | |
| 4. | ਗੁਰਦਾਸਪੁਰ | ਦੋਰਾਂਗਲਾ, ਦੀਨਾ ਨਗਰ, ਗੁਰਦਾਸਪੁਰ, ਕਾਦੀਆਂ ਅਤੇ ਸ਼੍ਰੀਹਰਗੋਬਿੰਦਪੁਰ | |
| 5. | ਪਠਾਨਕੋਟ | ਧਾਰਕਲਾਂ, ਪਠਾਨਕੋਟ, ਸੁਜਾਨਪੁਰ, ਬਮਿਆਲ, ਘਰੋਟਾ ਅਤੇ ਨਰੋਟ ਜੈਮਲ ਸਿੰਘ | |
| 6. | ਹੁਸ਼ਿਆਰਪੁਰ | ਭੂੰਗਾ, ਹਾਜੀਪੁਰ, ਤਲਵਾੜਾ, ਹੁਸ਼ਿਆਰਪੁਰ-2, ਮਾਹਿਲਪੁਰ ਅਤੇ ਮੁਕੇਰੀਆਂ | |
| 7. | ਸ਼ਹੀਦ ਭਗਤ ਸਿੰਘ ਨਗਰ | ਸੜੋਆ ਅਤੇ ਬਲਾਚੌਰ | |
| 8. | ਰੋਪੜ | ਰੋਪੜ, ਅਨੰਦਪੁਰ ਸਾਹਿਬ ਅਤੇ ਨੂਰਪੁਰ ਬੇਦੀ | |
| 9. | ਸਾਹਿਬਜਾਦਾ ਅਜੀਤ ਸਿੰਘ ਨਗਰ (ਮੋਹਾਲੀ) | ਮਾਜਰੀ | |
| **Other blocks (Dark zone Blocks**) | | | |
| 1. | ਸਾਰੇ ਜ਼ਿਲ੍ਹੇ | **ਉੱਪਰ ਲਿਖੇ 33 ਬਲਾਕਾਂ ਨੂੰ ਛੱਡ ਕੇ ਬਾਕੀ ਸਾਰੇ ਬਲਾਕ**<br><br>ਨੋਟ :- ਇਹਨਾਂ ਬਲਾਕਾਂ ਵਿੱਚ ਨਵੇਂ ਬੋਰ ਨਹੀਂ ਕੀਤੇ ਜਾ ਸਕਦੇ । | i. ਉਹ ਕਿਸਾਨ ਜੋ ਸਿੰਚਾਈ ਲਈ ਡੀਜਲ ਪੰਪਾਂ ਨਾਲ ਚੱਲਣ ਵਾਲੇ ਲਘੂ / ਮਾਈਕਰੋ (ਡਰਿਪ / ਫੁਹਾਰਾ) ਸਿਸਟਮ ਦੀ ਵਰਤੋ ਕਰਦੇ ਹਨ ।<br>ii. ਉਹ ਕਿਸਾਨ / ਪੰਚਾਇਤਾਂ ਜੋ ਪਿੰਡਾਂ ਦੇ ਤਲਾਬਾਂ, ਫਾਰਮ ਤਲਾਬਾਂ / ਨਹਿਰੀ ਪਾਣੀ ਦੀਆਂ ਡਿੱਗੀਆਂ ਵਿਚੋਂ ਸਿੰਚਾਈ ਵਾਸਤੇ ਪਾਣੀ ਚੁਕਣ ਲਈ ਡੀਜਲ ਪੰਪਾਂ ਦੀ ਵਰਤੋਂ ਕਰਦੇ ਹਨ ਜਾਂ ਕਰਨਾ ਚਾਹੁੰਦੇ ਹਨ। |

**ਨੋਟ :- ਜਿਨ੍ਹਾਂ ਕਿਸਾਨਾਂ ਨੇ ਆਪਣੇ ਜਾਂ ਪਰਿਵਾਰਿਕ ਮੈਂਬਰਾਂ ਦੇ ਨਾਮ ਤੇ ਪੀ.ਐਸ.ਪੀ.ਸੀ.ਐਲ ਤੋਂ ਸਿੰਚਾਈ ਲਈ ਬਿਜਲੀ ਵਾਲੀ ਮੋਟਰ ਦਾ ਕੁਨੈਕਸ਼ਨ ਲਿਆ ਹੋਇਆ ਹੈ ਅਤੇ ਜਿਨ੍ਹਾਂ ਨੇ ਪਹਿਲਾਂ ਸੋਲਰ ਹੀ ਪੰਪ ਲਗਵਾਇਆ ਹੋਇਆ ਹੈ ਉਹ ਕਿਸਾਨ ਇਸ ਸਕੀਮ ਅਧੀਨ ਅਪਲਾਈ ਨਹੀ ਕਰ ਸਕਦੇ ।**

## 3. ਸੋਲਰ ਪੰਪ ਅਤੇ ਮੁੱਖ ਭਾਗ

ਸੂਰਜੀ ਊਰਜਾ ਨਾਲ ਚਲਣ ਵਾਲੇ ਪੰਪਿੰਗ ਸਿਸਟਮ ਨੂੰ ਸੋਲਰ ਪੰਪ ਕਿਹਾ ਜਾਂਦਾ ਹੈ। ਸੋਲਰ ਪੰਪ ਦਿਨ ਵੇਲੇ ਚਲਦਾ ਹੈ ਅਤੇ ਪੂਰੀ ਤਰ੍ਹਾਂ ਪ੍ਰਦੂਸ਼ਣ ਰਹਿਤ ਹੁੰਦਾ ਹੈ। ਡੀਜ਼ਲ ਪੰਪ ਦੇ ਮੁਕਾਬਲੇ ਇਸ ਦੀ ਮੁਰੰਮਤ ਬਹੁਤ ਘੱਟ ਹੁੰਦੀ ਹੈ। ਇਸ

ਵਿੱਚ ਸੋਲਰ ਫੋਟੋ ਵੋਲਟੈਕ ਪੈਨਲ, ਸਬਮਰਸੀਬਲ ਮੋਟਰ ਪੰਪ ਸੈੱਟ, ਇਨਵਰਟਰ/ਕੰਟਰੋਲਰ ਸਵਿੱਚ, ਤਾਰਾਂ ਅਤੇ ਜੀ.ਆਈ ਢਾਂਚਾ/ਸਟੈਂਡ ਹੁੰਦੇ ਹਨ। ਸੋਲਰ ਪੰਪ, ਛੋਟੇ ਅਤੇ ਦਰਮਿਆਨੇ ਕਿਸਾਨਾਂ, ਜਿਨ੍ਹਾਂ ਕੋਲ ਬਿਜਲੀ ਦੇ ਕੁਨੈਕਸ਼ਨ (ਮੋਟਰ) ਨਹੀਂ ਹਨ ਅਤੇ ਖੇਤੀ ਦੀ ਸਿੰਚਾਈ ਡੀਜ਼ਲ ਪੰਪਾਂ ਰਾਹੀ ਕਰਦੇ ਹਨ, ਲਈ ਬਹੁਤ ਲਾਭਕਾਰੀ ਹਨ।

i. **ਸੋਲਰ ਪੰਪ ਕਿਵੇਂ ਕੰਮ ਕਰਦਾ ਹੈ:–** ਸੂਰਜ ਦੀ ਊਰਜਾ,ਕਿਰਨਾਂ ਦੇ ਰੂਪ ਵਿੱਚ ਸੋਲਰ ਪੈਨਲਾਂ ਤੇ ਪੈਂਦੀ ਹੈ ਅਤੇ ਬਿਜਲੀ ਵਿੱਚ ਤਬਦੀਲ ਹੋ ਕੇ ਤਾਰਾਂ ਦੁਆਰਾ ਇਨਵਰਟਰ/ਕੰਟਰੋਲਰ ਵਿਚੋਂ ਹੁੰਦੀ ਹੋਈ ਸੋਲਰ ਪੰਪ ਨੂੰ ਚਲਾਕੇ ਪਾਣੀ ਕੱਢਣ ਦਾ ਕੰਮ ਕਰਦੀ ਹੈ। ਸੋਲਰ ਪੰਪ ਦੇ ਮੁੱਖ ਭਾਗਾਂ ਦਾ ਵੇਰਵਾ ਹੇਠਾਂ ਲਿਖੇ ਅਨੁਸਾਰ ਹੈ ।

ii. **ਸੋਲਰ Array (ਸੋਲਰ ਮੋਡਿਊਲ)** :–ਸੋਲਰ Array, ਸੋਲਰ ਮੋਡਿਊਲਾਂ ਨੂੰ ਸਮਾਨ ਅੰਤਰ ਅਤੇ ਸੀਰੀਜ ਵਿੱਚ ਜੋੜ ਕੇ ਬਣਦਾ ਹੈ ਤਾਂ ਕਿ ਲੋੜੀਂਦਾ ਕਰੰਟ ਅਤੇ ਵੋਲਟੇਜ਼ ਪ੍ਰਾਪਤ ਹੋ ਸਕੇ।

iii. **ਏ.ਸੀ.ਪੰਪ** :– ਏ.ਸੀ ਪੰਪ ਇਕ ਆਮ ਮੋਟਰ ਅਤੇ ਪੰਪ ਹੈ ਜੋ ਆਲਟਰਨੇਟ ਕਰੰਟ ਨਾਲ ਚੱਲ ਕੇ ਪਾਣੀ ਕੱਢਦਾ ਹੈ।

iv. **ਕੰਟਰੋਲਰ / ਇਨਵਰਟਰ** :–ਇਲੈਕਟ੍ਰੋਨਿਕ ਕੰਟਰੋਲਰ ਅਤੇ ਇਨਵਰਟਰ ਕ੍ਰਮਵਾਰ ਏ.ਸੀ. ਅਤੇ ਡੀ.ਸੀ.ਪੰਪਾਂ ਲਈ ਵਰਤੇ ਜਾਂਦੇ ਹਨ।ਕੰਟਰੋਲਰ ਡੀ.ਸੀ ਪੰਪ ਨੂੰ ਚਲਾਉਂਦਾ ਹੈ ਜਦੋਂ ਕਿ ਇਨਵਰਟਰ ਡੀ.ਸੀ ਕੰਰਟ ਨੂੰ ਏ.ਸੀ.ਕੰਰਟ ਵਿੱਚ ਤਬਦੀਲ ਕਰਕੇ ਏ.ਸੀ.ਪੰਪ ਨੂੰ ਚਲਾਉਂਦਾ ਹੈ।

v. **ਸੋਲਰ ਮੋਡਿਊਲਾਂ ਦਾ ਢਾਂਚਾ** :–ਇਹ ਢਾਂਚਾ ਲੋਹੇ ਦਾ ਬਣਿਆ ਹੁੰਦਾ ਹੈ ਜਿਸ ਉਤੇ ਜਿਸਤ ਦੀ ਪਰਤ ਚੜਾਈ ਜਾਂਦੀ ਹੈ ਇਸ ਨੂੰ ਮੌਸਮ ਅਨੁਸਾਰ ਅਡਜਸਟਮੈਂਟ ਕਰਨ ਅਤੇ ਦਿਨ ਵਿੱਚ ਤਿੰਨ ਵਾਰ ਸਵੇਰੇ, ਦੁਪਹਿਰੇ ਅਤੇ ਸ਼ਾਮ ਨੂੰ ਘੁਮਾਉਣ ਦਾ ਪ੍ਰਬੰਧ ਹੁੰਦਾ ਹੈ ਤਾਂ ਜੋ ਵੱਧ ਤੋਂ ਵੱਧ ਸੂਰਜੀ ਊਰਜਾ ਸੋਲਰ ਪੈਨਲਾਂ ਤੇ ਪਵੇ ਅਤੇ ਵੱਧ ਪਾਣੀ ਕੱਢਿਆ ਜਾ ਸਕੇ ।

**ਸੋਲਰ ਪੰਪ ਦਾ ਚਿੱਤਰ :–**




## 4. ਸੋਲਰ ਪੰਪ ਦੇ ਫਾਇਦੇ ਤੇ ਖਾਮੀਆਂ

- ਸੋਲਰ ਪੰਪ ਦਿਨ ਵੇਲੇ ਹੀ ਕੰਮ ਕਰਦਾ ਹੈ ਇਸ ਲਈ ਰਾਤ ਨੂੰ ਕੰਮ ਕਰਨ ਦੀ ਲੋੜ ਨਹੀ।
- ਇੰਧਣ ਦਾ ਕੋਈ ਖਰਚਾ ਨਹੀਂ, ਸਿਰਫ਼ ਸੂਰਜ ਦੀ ਰੌਸ਼ਨੀ ਨਾਲ ਚਲਦਾ ਹੈ।
- ਰਵਾਇਤੀ ਬਿਜਲੀ ਅਤੇ ਡੀਜ਼ਲ ਦੀ ਕੋਈ ਲੋੜ ਨਹੀਂ ।

- ਨਾ ਬਿਜਲੀ ਦੀ ਲੰਬੀ ਸਪਲਾਈ ਲਾਈਨ ਦੀ ਜਰੂਰਤ ਅਤੇ ਨਾ ਹੀ ਬਿਜਲੀ ਦੇ ਫਜ਼ੂਲ ਖਰਚ ਹੋਣ ਦੀ ਸਮੱਸਿਆ।
- ਚਲਾਉਣ ਵਿੱਚ ਅਸਾਨ ਅਤੇ ਵਧੇਰੇ ਮਿਆਦ।
- ਪੂਰੀ ਤਰ੍ਹਾਂ ਭਰੋਸੇਮੰਦ ਅਤੇ ਪ੍ਰਦੂਸ਼ਣ ਰਹਿਤ।
- ਸੋਲਰ ਪੰਪ, ਬੱਦਲਾਂ ਅਤੇ ਧੁੰਦ ਵਿੱਚ ਕੰਮ ਨਹੀਂ ਕਰਦਾ।
- ਪਾਣੀ ਦੀ ਨਿਕਾਸੀ ਧੁੱਪ ਅਨੁਸਾਰ ਘੱਟ-ਵੱਧ ਹੁੰਦੀ ਰਹਿੰਦੀ ਹੈ।
- ਸੋਲਰ ਪੈਨਲਾਂ ਤੋਂ ਲੋੜੀਂਦੀ ਪਾਵਰ ਲੈਣ ਲਈ ਇਹਨਾਂ ਨੂੰ ਨਿਯਮਤ ਤੌਰ ਤੇ ਸਾਫ਼ ਕਰਨਾ ਪੈਂਦਾ ਹੈ।

## 5. ਪਾਣੀ ਦੀ ਨਿਕਾਸੀ ਦਾ ਵੇਰਵਾ :-

| ਲੜੀ ਨੰ: | ਪਾਣੀ ਦੀ ਡੂੰਘਾਈ | | ਸੋਲਰ ਪੰਪਾਂ ਦੀ ਸਮਰੱਥਾ ਅਤੇ ਪਾਣੀ ਦੀ ਔਸਤਨ ਨਿਕਾਸੀ (ਲੱਖ ਲੀਟਰ ਪ੍ਰਤੀ ਦਿਨ) | | | |
|---|---|---|---|---|---|---|
| | ਮੀਟਰਾਂ ਵਿੱਚ | (ਫੁੱਟਾਂ ਵਿੱਚ) | **3 (HP)** | **5 (HP)** | **7.5 (HP)** | **10 (HP)** |
| **1.** | 10 | 33 | 2.30 | 3.70 | 5.40 | 7.30 |
| **2.** | 20 | 66 | 1.10 | 1.75 | 2.60 | 3.50 |
| **3.** | 30 | 98 | 0.80 | 1.30 | 2.00 | 2.50 |
| **4.** | 50 | 164 | 0.50 | 0.80 | 1.20 | 1.40 |
| **5.** | 70 | 230 | -- | -- | 0.80 | 1.00 |

ਦਰਸਾਈ ਗਈ ਪਾਣੀ ਦੀ ਨਿਕਾਸੀ, ਸਾਫ ਸੁਥਰੇ ਧੁੱਪ ਵਾਲੇ ਦਿਨ ਵਿੱਚ ਸੋਲਰ ਪੈਨਲਾਂ ਦੀ ਤਿੰਨ ਵਾਰੀ ਦਿਸ਼ਾ ਬਦਲਣ ਤੇ ਅਧਾਰਿਤ ਹੈ।

**ਨੋਟ :-**

- ਮੋਨੋਬਲਾਕ ਸੋਲਰ ਪੰਪ ਸਿਰਫ 23 ਫੁੱਟ ਦੀ ਡੂੰਘਾਈ ਤੱਕ ਦੇ ਪਾਣੀ ਲਈ ਹੀ ਢੁਕਵੇਂ ਹਨ।
- 3 ਅਤੇ 5 ਐਚ.ਪੀ ਸਮਰੱਥਾ ਦੇ ਸਬਮਰਸੀਬਲ ਸੋਲਰ ਪੰਪ ਵੱਧ ਤੋਂ ਵੱਧ 164 ਫੁੱਟ ਅਤੇ 7.5 ਤੇ 10 ਐਚ.ਪੀ ਸਮਰਥਾ ਦੇ ਸੋਲਰ ਪੰਪ 230 ਫੁੱਟ ਦੀ ਡੂੰਘਾਈ ਤੱਕ ਦੇ ਪਾਣੀ ਲਈ ਹੀ ਢੁਕਵੇਂ ਹਨ।

## 6. ਲੋੜੀਂਦੀ ਜ਼ਮੀਨ, ਛਾਂ ਰਹਿਤ ਏਰੀਆ ਅਤੇ ਬੋਰ ਸਾਈਜ਼ ਦਾ ਵੇਰਵਾ :-

| ਲੜੀ ਨੰ: | ਸੋਲਰ ਪੰਪ ਦੀ ਸਮਰੱਥਾ (ਹਾਰਸ ਪਾਵਰ) | ਸਿੰਚਾਈ ਲਈ ਘੱਟੋ-ਘੱਟ ਲੋੜੀਂਦੀ ਜ਼ਮੀਨ ( ਏਕੜਾਂ ਵਿੱਚ) | ਸੋਲਰ ਪੰਪ ਲਗਾਉਣ ਲਈ ਛਾਂ ਰਹਿਤ ਏਰੀਆ (sft.) | ਬੋਰ ਸਾਈਜ (inches) (ਲੱਗਭਗ) | |
|---|---|---|---|---|---|
| | | | | ਮੋਨੋਬਲਾਕ ਪੰਪ | ਸਬਮਰਸੀਬਲ ਪੰਪ |
| 1. | 3 | 1 | 300 | 4 | 6 |
| 2. | 5 | 2 | 500 | 6 | 8 |
| 3. | 7.5 | 5 | 750 | 6 | 10 |
| 4. | 10 | 7 | 1000 | 6 | 12 |

## 7. ਸੋਲਰ ਪੰਪਾਂ ਦੀ ਕੀਮਤ ਅਤੇ ਕਿਸਾਨਾਂ ਦੇ ਹਿੱਸੇ ਦੀ ਰਕਮ ਦਾ ਵੇਰਵਾ :-

| ਲੜੀ ਨੰ. | ਸੋਲਰ ਪੰਪ ਦੀ ਸਮਰਥਾ (ਹਾਰਸਪਾਵਰ) | ਮੋਨੋਬਲਾਕ ਸੋਲਰ ਪੰਪ (AC) | | | ਸਬਮਰਸੀਬਲ ਸੋਲਰ ਪੰਪ (AC) | | |
|---|---|---|---|---|---|---|---|
| | | ਕੁੱਲ ਕੀਮਤ (ਰੁਪਏ) | ਕਿਸਾਨ ਦੇ ਹਿੱਸੇ ਦੀ ਰਕਮ | | ਕੁੱਲ ਕੀਮਤ (ਰੁਪਏ) | ਕਿਸਾਨ ਦੇ ਹਿੱਸੇ ਦੀ ਰਕਮ | |
| | | | ਆਮ ਸ਼੍ਰੇਣੀ ਘੱਟੋ- ਘੱਟ 40%) (ਰੁਪਏ) | ਅਨੁਸੂਚਿਤ ਜਾਤੀ ਘੱਟੋ - ਘੱਟ 20%) (ਰੁਪਏ) | | ਆਮ ਸ਼੍ਰੇਣੀ ਘੱਟੋ- ਘੱਟ 40%) (ਰੁਪਏ) | ਅਨੁਸੂਚਿਤ ਜਾਤੀ ਘੱਟੋ - ਘੱਟ 20%) (ਰੁਪਏ) |
| 1. | 3 | 1,78,553/- | 71,421/- | 35,711/- | 1,81,511/- | 72,605/- | 36,303/- |
| 2. | 5 | 2,56,278/- | 1,02,512/- | 51,256/- | 2,58,326/- | 1,03,331/- | 51,666/- |
| 3. | 7.5 | 3,64,160/- | 1,45,664/- | 72,832/- | 3,64,274/- | 1,45,710/- | 72,855/- |
| 4. | 10 | 4,59,752/- | 2,41,256/- | 1,68,424/- | 4,62,028/- | 2,43,464/- | 1,70,609/- |

## 8. ਅਲਾਟਮੈਂਟ ਦੀ ਵਿਧੀ ਅਤੇ ਹੋਰ ਸ਼ਰਤਾਂ :-

a. ਇਸ ਸਕੀਮ ਅਧੀਨ ਪੰਜਾਬ ਵਿੱਚ 3, 5, 7.5 ਅਤੇ 10 ਹਾਰਸਪਾਵਰ ਦੇ 810 ਸੋਲਰ ਪੰਪ ਲਗਾਏ ਜਾਣੇ ਹਨ। 690 ਸੋਲਰ ਪੰਪ ਆਮ ਸ੍ਰੇਣੀ ਅਤੇ ਪਿਛੜੀਆਂ ਸ੍ਰੇਣੀਆਂ ਦੇ ਕਿਸਾਨਾਂ, 40 ਸੋਲਰ ਪੰਪ ਗ੍ਰਾਮ ਪੰਚਾਇਤਾਂ ਅਤੇ 80 ਪੰਪ ਅਨੁਸੂਚਿਤ ਜਾਤੀ ਦੇ ਕਿਸਾਨਾਂ ਲਈ ਰਾਖਵੇਂ ਹਨ।ਗ੍ਰਾਮ ਪੰਚਾਇਤਾਂ ਅਤੇ ਅਨੁਸੂਚਿਤ ਜਾਤੀ ਦੇ ਪੂਰੇ ਕਿਸਾਨ ਉਪਲੱਬਧ ਨਾ ਹੋਣ ਦੀ ਸੂਰਤ ਵਿੱਚ ਬਾਕੀ ਬਚਦੇ ਪੰਪ, ਆਮ ਸ਼੍ਰੇਣੀ ਦੇ ਕਿਸਾਨਾਂ ਨੂੰ ਅਲਾਟ ਕਰ ਦਿੱਤੇ ਜਾਣਗੇ । ਲੱਘੂ /ਮਾਈਕਰੋ ਸਿੰਚਾਈ ਵਾਲੇ ਕਿਸਾਨਾਂ ਨੂੰ ਸੋਲਰ ਪੰਪ ਅਲਾਟ ਕਰਨ ਵਿੱਚ ਪਹਿਲ ਦਿੱਤੀ ਜਾਵੇਗੀ ਅਤੇ ਸੀਨੀਅਰਤਾ ਸੂਚੀ ਵਿੱਚ ਉਨ੍ਹਾਂ ਨੂੰ ਸੱਭ ਤੋਂ ਉੱਪਰ ਰੱਖਿਆ ਜਾਵੇਗਾ। ਸੋਲਰ ਪੰਪ ਲਗਾਉਣ ਲਈ ਅਰਜ਼ੀਆਂ ਪਹਿਲਾਂ ਆਓ ਪਹਿਲਾਂ ਪਾਓ ਦੇ ਅਧਾਰ ਤੇ ਲਈਆਂ ਜਾਣਗੀਆ। ਬਿਨੈਕਾਰਾਂ ਨੂੰ ਆਪਣੀਆਂ ਅਰਜੀਆਂ, ਅਲਾਟਮੈਂਟ ਦੀ ਵਿਧੀ ਅਤੇ ਸ਼ਰਤਾਂ ਨੂੰ ਧਿਆਨ ਨਾਲ ਪੜ ਕੇ ਵੈਬਸਾਈਟ **www.pmkusum.peda.gov.in** ਤੇ ਆਨਲਾਈਨ ਜਮ੍ਹਾਂ ਕਰਨੀਆਂ ਹੋਣਗੀਆਂ। ਹਰੇਕ ਬਿਨੈਕਾਰ ਨੂੰ ਵੈਬ-ਸਾਈਟ ਰਾਹੀਂ ਬਿਨੈ-ਪੱਤਰ ਨੰਬਰ ਅਲਾਟ ਕੀਤੇ ਜਾਣਗੇ।

b. ਇਹ ਸਕੀਮ ਉਹਨਾਂ ਕਿਸਾਨਾਂ/ ਕਿਸਾਨ ਸਮੂਹਾਂ / ਗ੍ਰਾਮ ਪੰਚਾਇਤਾਂ/ ਫਾਰਮਰ ਉਤਪਾਦਕ ਸਮੂਹਾਂ ਅਤੇ ਪਾਣੀ ਦੀ ਵਰਤੋਂ ਕਾਰ ਸਮੂਹਾਂ ਲਈ ਹੈ ਜੋ ਮਾਲ ਰਿਕਾਰਡ ਅਨੁਸਾਰ ਜ਼ਮੀਨ ਦੇ ਅਸਲੀ ਮਾਲਕ ਹਨ।ਜਿਨ੍ਹਾਂ ਕਿਸਾਨਾਂ ਕੋਲ ਜ਼ਮੀਨ ਲੀਜ਼ ਜਾਂ ਠੇਕੇ ਤੇ ਹੈ ਉਹ ਇਸ ਸਕੀਮ ਅਧੀਨ ਅਪਲਾਈ ਕਰਨ ਦੇ ਯੋਗ ਨਹੀਂ ਹਨ ਅਤੇ ਉਹਨਾਂ ਨੂੰ ਸੋਲਰ ਪੰਪ ਅਲਾਟ ਨਹੀਂ ਹੋਣਗੇ।ਕਿਸਾਨ ਆਪਣੀ ਜ਼ਮੀਨ ਦੀ ਸਿੰਚਾਈ ਡੀਜ਼ਲ ਪੰਪਾਂ ਰਾਹੀਂ ਕਰਦੇ ਹੋਣੇ ਚਾਹੀਦੇ ਹਨ ਅਤੇ ਉਨ੍ਹਾਂ ਅਤੇ ਉਨ੍ਹਾਂ ਦੇ ਪਰਿਵਾਰਿਕ ਮੈਬਰਾਂ ਦੇ ਨਾਮ ਤੇ ਪੰਜਾਬ ਸਟੇਟ ਪਾਵਰਕਾਰ ਪੋਰੇਸ਼ਨ ਲਿਮਟਿਡ ਵਲੋਂ ਖੇਤੀ ਦੀ ਸਿੰਚਾਈ ਲਈ ਬਿਜਲੀ ਵਾਲੀ ਮੋਟਰ ਦਾ ਕੁਨੈਕਸ਼ਨ ਨਹੀਂ ਦਿੱਤਾ ਹੋਣਾ ਚਾਹੀਦਾ।

i. ਉਹ ਕਿਸਾਨ ਜਿਨ੍ਹਾਂ ਕਿਸਾਨਾਂ ਦੀ ਜ਼ਮੀਨ ਸਾਂਝੀਂ ਹੈ ਅਤੇ ਇਕ ਕਿਸਾਨ ਦੀ ਜ਼ਮੀਨ ਸੋਲਰ ਪੰਪ ਲਗਾਉਣ ਲਈ ਪੂਰੀ ਨਹੀਂ ਹੁੰਦੀ ਤਾਂ ਉਹ ਇੱਕਠੇ ਰਲ ਕੇ ਇਸ ਸਕੀਮ ਅਧੀਨ ਅਪਲਾਈ ਕਰ ਸਕਦੇ ਹਨ, ਪ੍ਰੰਤੂ

ਇਹਨਾਂ ਸਾਰੇ ਕਿਸਾਨਾਂ ਦੇ ਨਾਮ ਬਿਨੈ ਪੱਤਰ ਫਾਰਮ, ਪਟਵਾਰੀ ਅਤੇ ਪੀ.ਐਸ.ਪੀ.ਸੀ.ਐਲ ਵਲੋਂ ਜਾਰੀ ਕੀਤੇ ਸਰਟੀਫਿਕੇਟਾਂ ਜਾਂ ਹਲਫੀਆ ਬਿਆਨਾ/ ਕਿਸਾਨਾ ਦੇ ਖੁਦ ਤਸਦੀਕ ਕੀਤੇ ਸਰਟੀਫਿਕੇਟਾਂ ਵਿੱਚ ਦਰਜ ਹੋਣੇ ਚਾਹੀਦੇ ਹਨ।

ii. ਇੱਕ ਕਿਸਾਨ/ ਕਿਸਾਨ ਸਮੂਹ ਨੂੰ ਸਿਰਫ਼ ਇੱਕ ਸੋਲਰ ਪੰਪ ਹੀ ਅਲਾਟ ਕੀਤਾ ਜਾਵੇਗਾ। ਇਸ ਲਈ ਹਰੇਕ ਕਿਸਾਨ ਨੂੰ ਲੋੜੀਂਦੀ ਸਮਰੱਥਾ ਦੇ ਪੰਪ ਲਈ ਹੀ ਅਪਲਾਈ ਕਰਨਾ ਹੋਵੇਗਾ ਅਤੇ ਬਿਨੈਪੱਤਰ ਵਿੱਚ ਪੰਪ ਦੀ ਸਮਰੱਥਾ ਲਿਖਣੀ ਹੋਵੇਗੀ। ਪਤੀ, ਪਤਨੀ ਅਤੇ ਕੁਆਰੇ ਬੱਚਿਆਂ ਨੂੰ ਇੱਕ ਪਰਿਵਾਰ (ਕਿਸਾਨ) ਮੰਨਿਆ ਜਾਵੇਗਾ ਅਤੇ ਉਹ ਇਕੱਠੇ ਜਾਂ ਕਿਸੇ ਇਕ ਨਾਮ ਤੇ ਅਪਲਾਈ ਕਰ ਸਕਦੇ ਹਨ ।ਅਗਰ ਪਰਿਵਾਰ ਦੇ ਦੋ ਜਾਂ ਦੋ ਤੋਂ ਵੱਧ ਮੈਂਬਰ ਅੱਲਗ ਅੱਲਗ ਅਪਲਾਈ ਕਰਦੇ ਹਨ ਅਤੇ ਇਸ ਦਾ ਪਤਾ ਪੇਡਾ ਨੂੰ ਲੱਗ ਜਾਂਦਾ ਹੈ ਤਾਂ ਸਿਰਫ ਇੱਕ ਪੰਪ ਹੀ ਅਲਾਟ ਕੀਤਾ ਜਾਵੇਗਾ ਅਤੇ ਦੂਜਿਆਂ ਵਲੋਂ ਜਮ੍ਹਾਂ ਕਰਵਾਈ ਗਈ ਰਕਮ ਵਿੱਚੋਂ 10% ਕੱਟ ਕੇ ਵਾਪਿਸ ਕੀਤੀ ਜਾਵੇਗੀ।ਅਗਰ ਕਿਸੇ ਤਰ੍ਹਾਂ ਅਜਿਹੇ ਕਿਸਾਨ ਸੋਲਰ ਪੰਪ ਲਗਾਉਣ ਵਿੱਚ ਸਫਲ ਹੋ ਜਾਂਦੇ ਹਨ ਅਤੇ ਪੇਡਾ ਨੂੰ ਬਾਅਦ ਵਿੱਚ ਇਸ ਦਾ ਪਤਾ ਲੱਗ ਜਾਂਦਾ ਹੈ ਤਾਂ ਇਹਨਾਂ ਕਿਸਾਨਾਂ ਨੂੰ ਸੋਲਰ ਪੰਪ ਦੀ ਪੂਰੀ ਕੀਮਤ ਸਰਕਾਰ / ਪੇਡਾ ਨੂੰ ਵਾਪਿਸ ਦੇਣੀ ਹੋਵੇਗੀ ਜਾਂ ਪੇਡਾ ਵਲੋਂ ਸੋਲਰ ਪੰਪ ਪੁੱਟ ਲਿਆ ਜਾਵੇਗਾ।

iii. ਪੰਚਾਇਤਾਂ ਨੂੰ ਗ੍ਰਾਮ ਪੰਚਾਇਤ ਦੇ ਨਾਮ ਤੇ ਹੀ ਅਪਲਾਈ ਕਰਨਾ ਹੋਵੇਗਾ ਨਾ ਕਿ ਸਰਪੰਚ ਦੇ ਨਾਮ ਤੇ ।

iv. ਸੋਲਰ ਪੰਪ ਉਹਨਾਂ ਕਿਸਾਨਾਂ ਨੂੰ ਅਲਾਟ ਨਹੀਂ ਕੀਤੇ ਜਾਣਗੇ ਜਿਨ੍ਹਾਂ ਨੇ ਖੁਦ ਜਾਂ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਪਹਿਲਾਂ ਹੀ 3 ਹਾਰਸ ਪਾਵਰ ਜਾਂ ਉਸ ਤੋਂ ਵੱਧ ਸਮਰਥਾ ਦੇ ਸੋਲਰ ਪੰਪ ਕਿਸੇ ਸਰਕਾਰੀ ਵਿਭਾਗ / ਪੇਡਾ / ਨਾਬਾਰਡ ਤੋਂ ਲਗਵਾਏ ਹਨ, ਅਤੇ ਉਹ ਕਿਸਾਨ ਇਸ ਸਕੀਮ ਅਧੀਨ ਅਪਲਾਈ ਕਰਨ ਦੇ ਯੋਗ ਨਹੀ ਹਨ।ਅਗਰ ਅਜਿਹੇ ਕਿਸਾਨ ਇਸ ਸਕੀਮ ਅਧੀਨ ਅਪਲਾਈ ਕਰਦੇ ਹਨ ਅਤੇ ਪੇਡਾ ਨੂੰ ਇਸ ਦਾ ਪਤਾ ਲਗ ਜਾਂਦਾ ਹੈ ਤਾਂ ਉਹਨਾਂ ਵਲੋਂ ਜਮਾਂ ਕਰਵਾਈ ਗਈ ਰਕਮ ਵਿੱਚੋਂ 10% ਕੱਟ ਕੇ ਵਾਪਿਸ ਕੀਤੀ ਜਾਵੇਗੀ।ਅਗਰ ਕਿਸੇ ਤਰ੍ਹਾਂ ਅਜਿਹੇ ਕਿਸਾਨ ਸੋਲਰ ਪੰਪ ਲਗਾਉਣ ਵਿੱਚ ਸਫਲ ਹੋ ਜਾਂਦੇ ਹਨ ਅਤੇ ਪੇਡਾ ਨੂੰ ਬਾਅਦ ਵਿੱਚ ਇਸ ਦਾ ਪਤਾ ਲੱਗ ਜਾਂਦਾ ਹੈ ਤਾਂ ਇਹਨਾਂ ਕਿਸਾਨਾਂ ਨੂੰ ਸੋਲਰ ਪੰਪ ਦੀ ਪੂਰੀ ਕੀਮਤ ਸਰਕਾਰ / ਪੇਡਾ ਨੂੰ ਦੇਣੀ ਹੋਵੇਗੀ ਜਾਂ ਪੇਡਾ ਵਲੋਂ ਸੋਲਰ ਪੰਪ ਪੁੱਟ ਲਿਆ ਜਾਵੇਗਾ।

v. ਕਿਸਾਨ ਕੋਲ ਸੋਲਰ ਪੰਪ ਲਗਾਉਣ ਲਈ ਪਿੰਡ ਵਿੱਚ ਲੋੜੀਂਦੀ ਜਮੀਨ ਇੱਕ ਥਾਂ ਤੇ ਇੱਕਠੀ ਹੋਣੀ ਚਾਹੀਦੀ ਹੈ ਤਾਂ ਕਿ ਸੋਲਰ ਪੰਪ ਨਾਲ ਇਸ ਜਮੀਨ ਦੀ ਸਿੰਚਾਈ ਕੀਤੀ ਜਾ ਸਕੇ। ਕਿਸਾਨ ਵਲੋਂ ਜ਼ਮੀਨ ਦੀ ਮਾਲਕੀ ਦੇ ਸਬੂਤ ਵਜੋਂ ਖੇਵਟ, ਖਤੌਨੀ ਅਤੇ ਖਸਰਾ ਨੰਬਰ ਦਰਸਾਉਂਦਾ ਪਟਵਾਰੀ ਦਾ ਸਰਟੀਫਿਕੇਟ ਜੋ ਕਿ ਇਸ ਸਕੀਮ ਦੇ ਸ਼ੁਰੂ ਹੋਣ ਦੀ ਮਿਤੀ ਜਾਂ ਉਸ ਤੋਂ ਬਾਅਦ ਦਾ ਜਾਰੀ ਕੀਤਾ ਹੋਵੇ, ਬਿਨੈ-ਪੱਤਰ ਨਾਲ

**Annexure-I** ਅਨੁਸਾਰ ਆਨਲਾਈਨ ਜਮ੍ਹਾ ਕਰਵਾਉਣਾ ਹੋਵੇਗਾ **ਜਾਂ** ਜਮੀਨ ਦੀ ਮਾਲਕੀ ਦਾ ਹਲਫੀਆ ਬਿਆਨ / ਖੁਦ ਤਸਦੀਕ ਕੀਤਾ ਹੋਇਆ ਸਰਟੀਫਿਕੇਟ **Annexure-I(a)** ਅਨੁਸਾਰ ਜਮ੍ਹਾਂ ਕਰਵਾਉਣਾ ਹੋਵੇਗਾ।

vi. ਉਹਨਾਂ ਕਿਸਾਨਾਂ ਨੂੰ ਸੋਲਰ ਪੰਪ ਅਲਾਟ ਨਹੀਂ ਕੀਤੇ ਜਾਣਗੇ ਜਿਨ੍ਹਾਂ ਦੇ ਆਪਣੇ ਨਾਮ ਜਾਂ ਕਿਸੇ ਪਰਿਵਾਰਿਕ ਮੈਂਬਰ ਦੇ ਨਾਮ ਤੇ ਖੇਤੀ ਦੀ ਸਿੰਚਾਈ ਲਈ ਪੀ.ਐਸ.ਪੀ.ਸੀ.ਐਲ. ਤੋਂ ਬਿਜਲੀ ਵਾਲੀ ਮੋਟਰ ਦਾ ਕੁਨੈਕਸ਼ਨ ਲਿਆ ਹੋਇਆ ਹੈ । ਅਪਲਾਈ ਕਰਨ ਵਾਲੇ ਕਿਸਾਨਾਂ ਨੂੰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਵਲੋਂ ਖੇਤੀ ਦੀ ਸਿੰਚਾਈ ਲਈ ਉਨ੍ਹਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੇ ਨਾਮ ਤੇ ਬਿਜਲੀ ਦਾ ਕੁਨੈਕਸ਼ਨ ਨਾ ਦਿੱਤੇ ਹੋਣ ਦਾ ਸਰਟੀਫਿਕੇਟ ਬਿਨੈ-ਪੱਤਰ ਨਾਲ **Annexure-II** ਅਨੁਸਾਰ ਜਮ੍ਹਾਂ ਕਰਵਾਉਣਾ ਹੋਵੇਗਾ **ਜਾਂ** ਕਿਸਾਨਾਂ ਨੇ ਬਿਜਲੀ ਦਾ ਕੁਨੈਕਸ਼ਨ ਨਾ ਹੋਣ ਦਾ ਹਲਫੀਆ ਬਿਆਨ / ਖੁਦ ਤਸਦੀਕ ਕੀਤਾ ਹੋਇਆ ਸਰਟੀਫਿਕੇਟ **Annexure-II (a)** ਅਨੁਸਾਰ ਜਮ੍ਹਾ ਕਰਵਾਉਣਾ ਹੋਵੇਗਾ। ਅਗਰ ਅਜਿਹੇ ਕਿਸਾਨ ਸੋਲਰ ਪੰਪ ਲਈ ਅਪਲਾਈ ਕਰ ਦਿੰਦੇ ਹਨ ਅਤੇ ਇਸਦਾ ਪਤਾ ਪੇਡਾ ਨੂੰ ਲਗ ਜਾਂਦਾ ਹੈ ਤਾਂ ਕਿਸਾਨ ਦੀ ਰਕਮ 10% ਕੱਟ ਕੇ ਵਾਪਸ ਕੀਤੀ ਜਾਵੇਗੀ ਅਤੇ ਬਿਨੈ-ਪੱਤਰ ਰੱਦ ਕਰ ਦਿੱਤਾ ਜਾਵੇਗਾ । ਅਗਰ ਕਿਸੇ ਕਾਰਨ ਸੋਲਰ ਪੰਪ ਲਗ ਜਾਂਦਾ ਹੈ ਤਾਂ ਕਿਸਾਨ ਨੂੰ ਪੇਡਾ ਵਿੱਚ ਪੂਰੀ ਕੀਮਤ ਜਮ੍ਹਾਂ ਕਰਵਾਉਣੀ ਪਵੇਗੀ ਜਾਂ ਪੇਡਾ ਵੱਲੋਂ ਸੋਲਰ ਪੰਪ ਪੁੱਟ ਲਿਆ ਜਾਵੇਗਾ । ਚੁਣੇ ਗਏ ਕਿਸਾਨਾਂ ਦੀ ਲਿਸਟ ਪੀ.ਐਸ.ਪੀ.ਸੀ.ਐਲ ਨੂੰ ਭੇਜੀ ਜਾਵੇਗੀ।

vii. ਜੋ ਕਿਸਾਨ ਲਘੂ / ਮਾਈਕਰੋ ਸਿੰਚਾਈ ਅਧੀਨ ਅਪਲਾਈ ਕਰਨਾ ਚਾਹੁੰਦੇ ਹਨ ਉਨ੍ਹਾਂ ਨੂੰ ਆਪਣੀਆਂ ਅਰਜੀਆਂ ਖੇਤੀਬਾੜੀ / ਬਾਗਬਾਨੀ / Soil and Water Conservation ਵਿਭਾਗਾਂ ਦੇ ਸਬੰਧਤ ਅਧਿਕਾਰੀਆਂ ਵਲੋਂ ਜਾਰੀ ਕੀਤਾ ਗਿਆ ਸਰਟੀਫਿਕੇਟ ਜਮ੍ਹਾ ਕਰਵਾਉਣਾ ਹੋਵੇਗਾ ਜਿਸ ਵਿੱਚ ਲਿਖਿਆ ਹੋਵੇ ਕਿ ਕਿਸਾਨ ਦੀ ਜਮੀਨ ਵਿਚ ਡੀਜਲ ਪੰਪ ਨਾਲ ਚੱਲਣ ਵਾਲਾ ਡਰਿੱਪ ਇਰੀਗੇਸ਼ਨ ਜਾਂ ਫੁਹਾਰਾ ਸਿਸਟਮ ਲੱਗਿਆ ਹੋਇਆ ਹੈ **(Annexure-III)** ਜਾਂ ਹਲਫੀਆ ਬਿਆਨ / ਖੁਦ ਤਸਦੀਕ ਕੀਤਾ ਹੋਇਆ ਸਰਟੀਫਿਕੇਟ ਲਗਾਉਣਾ ਹੋਵੇਗਾ।

viii. 33 ਬਲਾਕਾਂ ਤੇ ਚਾਹਵਾਨ ਕਿਸਾਨ ਮਾਈਕਰੋ (ਡਰਿੱਪ/ਫੁਹਾਰਾ) ਸਿੰਚਾਈ ਸਿਸਟਮ ਨਵੇਂ ਅਤੇ ਪੁਰਾਣੇ ਬੋਰਾਂ ਤੇ ਲਗਾ ਸਕਦੇ ਹਨ ਜਦੋਂ ਕਿ ਡਾਰਕਜੋਨ ਵਾਲੇ ਕਿਸਾਨ ਨਵੇਂ ਬੋਰ ਨਹੀ ਕਰ ਸਕਦੇ ਅਤੇ ਉਹ ਡੀਜ਼ਲ ਇੰਜਣ ਨਾਲ ਚੱਲਣ ਵਾਲੇ ਪੁਰਾਣੇ ਬੋਰਾਂ ਤੇ ਹੀ ਲਘੂ (ਡਰਿੱਪ/ਫੁਹਾਰਾ) ਸਿੰਚਾਈ ਸਿਸਟਮ ਲਗਾ ਸਕਦੇ ਹਨ ਅਤੇ ਅਪਲਾਈ ਕਰਨ ਦੀ ਮਿਤੀ ਤੋਂ 15 ਦਿਨਾਂ ਵਿੱਚ ਮਾਈਕਰੋ ਸਿਸਟਮ ਦੀ ਫੋਟੋ ਅਤੇ ਸਬੰਧਤ ਵਿਭਾਗਾਂ ਜਾਂ ਸਿਸਟਮ ਲਗਾਉਣ ਵਾਲੀ ਕੰਪਨੀ ਦਾ ਸਰਟੀਫਿਕੇਟ ਪੇਡਾ ਨੂੰ ਜਮ੍ਹਾਂ ਕਰਵਾਉਣਾ ਹੋਵੇਗਾ ਇਸ ਕੇਸ ਵਿੱਚ ਕਿਸਾਨਾਂ ਨੂੰ ਅਪਲਾਈ ਕਰਨ ਵੇਲੇ ਹਲਫੀਆ ਬਿਆਨ/ਸਵੈ-ਘੋਸ਼ਣਾ ਪੱਤਰ ਦੀ ਕਾਪੀ ਵੈਬਸਾਈਟ ਉਤੇ **Annexure-III (a)** ਅਨੁਸਾਰ ਜਮ੍ਹਾਂ ਕਰਨੀ ਹੋਵੇਗੀ।ਅਗਰ ਦਿੱਤੇ ਹੋਏ ਸਮੇਂ ਵਿੱਚ ਸਿਸਟਮ ਲਗਾ ਕੇ ਫੋਟੋ ਅਤੇ ਸਰਟੀਫਿਕੇਟ ਜਮ੍ਹਾਂ ਨਹੀਂ ਕੀਤੇ ਜਾਂਦੇ ਤਾਂ ਬਿਨੈ-ਪੱਤਰ ਰੱਦ ਕਰ ਦਿੱਤਾ ਜਾਵੇਗਾ ।

c. ਹਰੇਕ ਕਿਸਾਨ ਨੂੰ ਆਪਣੇ ਅਧਾਰ ਕਾਰਡ ਦੇ ਅਖੀਰਲੇ ਚਾਰ ਅੱਖਰ ਬਿਨੈ-ਪੱਤਰ ਵਿੱਚ ਦਰਜ ਕਰਨੇ ਹੋਣਗੇ।

d. ਅਨੁਸੂਚਿਤ ਜਾਤੀ ਦੇ ਕਿਸਾਨਾਂ ਨੂੰ ਆਪਣੀ ਜਾਤੀ ਦੇ ਸਰਟੀਫਿਕੇਟ ਦੀ ਕਾਪੀ ਬਿਨੈ-ਪੱਤਰ ਨਾਲ ਜਮ੍ਹਾਂ ਕਰਵਾਉਣੀ ਹੋਵੇਗੀ।

**e.** **ਕਿਸਾਨਾਂ ਵੱਲੋਂ ਆਪਣੀਆਂ ਅਰਜੀਆਂ ਆਨਲਾਈਨ ਵਿਧੀ ਰਾਂਹੀ ਉਨ੍ਹਾਂ ਤੇ ਲਾਗੂ ਹੁੰਦੇ ਬਿਨੈ-ਪੱਤਰ ਫਾਰਮ ਵਿੱਚ ਭਰ ਕੇ www.pmkusum.peda.gov.in ਤੇ ਜਮ੍ਹਾਂ ਕਰਨੀਆਂ ਹੋਣਗੀਆਂ। ਕਿਸਾਨ www.pmkusum.peda.gov.in ਤੇ ਜਾਵੇਗਾ ਅਤੇ "Farmer Registration tab" ਤੇ ਕਲਿੱਕ ਕਰੇਗਾ ਅਤੇ ਕੰਪੋਨੈਂਟ-ਬੀ select ਕਰੇਗਾ, ਉੱਥੇ ਦੋ ਤਰਾਂ ਦੇ ਬਿਨੈ-ਪੱਤਰ ਫਾਰਮ ਉਪਲੱਬਧ ਹੋਣਗੇ ਜਿਵੇਂ ਕਿ (i) 33 ਬਲਾਕਾਂ ਲਈ ਬਿਨੈ-ਪੱਤਰ ਫਾਰਮ ਅਤੇ (ii) ਦੂਜੇ ਅਸੁਰੱਖਿਅਤ ਬਲਾਕਾਂ (ਡਾਰਕ ਜੋਨਾਂ) ਲਈ ਬਿਨੈ-ਪੱਤਰ ਫਾਰਮ । ਸਭ ਤੋਂ ਪਹਿਲਾਂ ਕਿਸਾਨ ਨੂੰ ਆਪਣੇ ਤੇ ਲਾਗੂ ਹੁੰਦਾ ਬਿਨੈ-ਪੱਤਰ ਫਾਰਮ ਚੁਣਨਾ ਹੋਵੇਗਾ ਉਪਰੰਤ ਇਸਦੇ ਸਾਰੇ ਕਾਲਮ ਭਰ ਕੇ ਅਤੇ ਲੋੜੀਂਦੇ ਦਸਤਾਵੇਜ ਸਬੂਤ ਵਜੋਂ ਵੈਬਸਾਈਟ ਤੇ ਅਪਲੋਡ ਕਰਨੇ ਹੋਣਗੇ । ਕਿਸਾਨ ਵੱਲੋਂ ਆਪਣੀ ਜਮੀਨ ਵਾਲਾ ਜਿਲ੍ਹਾ, ਤਹਿਸੀਲ, ਬਲਾਕ ਅਤੇ ਪਿੰਡ ਵੈਬ ਸਾਈਟ ਵਿੱਚੋਂ ਚੁਣ ਕੇ ਭਰਨਾ ਹੋਵੇਗਾ । ਸਾਰਾ ਫਾਰਮ ਭਰਨ ਤੋਂ ਬਾਅਦ ਕਿਸਾਨ ਨੂੰ Save ਬਟਨ ਦੇ ਕਲਿੱਕ ਕਰਨਾ ਹੋਵੇਗਾ ਅਤੇ ਫਾਰਮ Save ਹੋਣ ਉਪਰੰਤ ਉਸ ਦੇ ਰਜਿਸਟਰਡ ਮੋਬਾਈਲ ਨੰਬਰ ਤੇ Acknowledgement No. ਆਵੇਗਾ । ਇਸ ਤੋਂ ਬਾਅਦ ਕਿਸਾਨ ਨੂੰ Make payment ਬਟਨ ਤੇ ਕਲਿੱਕ ਕਰਕੇ ਉੱਥੇ Acknowledgement No. ਜਾਂ Registered mobile No. ਲਿਖਣਾ ਹੋਵੇਗਾ ਅਤੇ Get OTP ਬਟਨ ਤੇ ਕਲਿੱਕ ਕਰਕੇ ਮੋਬਾਈਲ ਫੋਨ ਤੇ ਆਏ OTP ਭਰਨ ਤੋਂ ਬਾਅਦ ਅਗਰ ਕਿਸਾਨ ਨੂੰ ਲੱਗਦਾ ਹੈ ਕਿ ਉਸ ਤੋਂ ਫਾਰਮ ਵਿੱਚ ਕੋਈ ਜਾਣਕਾਰੀ ਗਲਤ ਭਰੀ ਗਈ ਹੈ ਤਾਂ ਉਹ Review ਬਟਨ ਤੇ ਕਲਿੱਕ ਕਰਕੇ ਫਾਰਮ ਨੂੰ ਸੋਧ ਸਕਦਾ ਹੈ ਨਹੀ ਤਾਂ Payment button ਤੇ ਕਲਿੱਕ ਕਰਕੇ ਆਪਣੇ ਹਿੱਸੇ ਦੀ ਫੀਸ ਜਮ੍ਹਾਂ ਕਰ ਸਕਦਾ ਹੈ। ਪੈਸੇ ਜਮ੍ਹਾਂ ਕਰਨ ਤੋਂ ਬਾਅਦ ਕਿਸਾਨ ਨੂੰ ਅਪੈਲੀਕੇਸ਼ਨ ਨੰਬਰ ਅਲਾਟ ਹੋ ਜਾਵੇਗਾ ਜੋ ਕਿ ਬਿਨੈ-ਪੱਤਰ ਤੇ ਪ੍ਰਿੰਟ ਹੋ ਜਾਵੇਗਾ ਅਤੇ ਕਿਸਾਨ ਆਪਣਾ ਫਾਰਮ PDF format ਵਿੱਚ ਅਪੈਲੀਕੇਸ਼ਨ ਨੰਬਰ ਸਮੇਤ ਡਾਊਨਲੋਡ ਕਰਕੇ ਪ੍ਰਿੰਟ ਲੈ ਸਕਦਾ ਹੈ। ਕਿਸਾਨ ਨੂੰ ਉਸਦੇ ਰਜਿਸਟਰਡ ਮੋਬਾਇਲ ਨੰਬਰ ਤੇ ਵੀ ਐਪਲੀਕੇਸ਼ਨ ਨੰਬਰ SMS ਰਾਹੀਂ ਪ੍ਰਾਪਤ ਹੋਵੇਗਾ । ਸਕੀਮ ਪਹਿਲਾਂ ਆਓ ਪਹਿਲਾਂ ਪਾਓ ਦੇ ਅਧਾਰ ਤੇ ਹੈ, ਅਗਰ ਸਾਰੀਆਂ 810 ਅਰਜੀਆਂ ਦਿੱਤੀ ਤਰੀਕ ਤੋਂ ਪਹਿਲਾਂ ਜਮ੍ਹਾਂ ਹੋ ਜਾਂਦੀਆਂ ਹਨ ਤਾਂ ਅਰਜੀਆਂ ਜਮ੍ਹਾਂ ਕਰਨ ਦਾ ਆਨਲਾਈਨ ਪ੍ਰੋਸੈਸ ਉਸ ਵੇਲੇ ਹੀ ਬੰਦ ਹੋ ਜਾਵੇਗਾ । ਅਗਰ ਸਾਰੀਆਂ ਅਰਜੀਆਂ ਦਿੱਤੀ ਹੋਈ ਤਰੀਕ ਅਤੇ ਸਮੇਂ ਤੱਕ ਜਮ੍ਹਾਂ ਨਹੀ ਹੁੰਦੀਆਂ ਤਾਂ ਅਰਜ਼ੀਆਂ ਲੈਣ ਦੀ ਮਿਤੀ ਵਿੱਚ ਵਾਧਾ ਕੀਤਾ ਜਾ ਸਕਦਾ ਹੈ।**

f. ਆਮ ਸ਼੍ਰੇਣੀ ਦੇ ਕਿਸਾਨਾਂ ਵਲੋਂ ਸੋਲਰ ਪੰਪ ਦੀ ਕੀਮਤ ਦਾ 40% ਅਤੇ ਅਨੁਸੂਚਿਤ ਜਾਤੀ ਦੇ ਕਿਸਾਨਾਂ ਵਲੋਂ 20% ਰਕਮ ਵੈਬਸਾਈਟ ਤੇ ਆਨਲਾਈਨ (Net Banking, Debit Card and Credit card) ਵਿੱਧੀ ਰਾਂਹੀ ਜਮ੍ਹਾਂ ਕਰਨੀ ਹੋਵੇਗੀ। ਅਗਰ ਆਮ ਜਾਂ ਪਛੜੀ ਸ਼੍ਰੇਣੀ ਦਾ ਕਿਸਾਨ ਅਨੁਸੂਚਿਤ ਜਾਤੀ ਕੈਟਾਗਰੀ ਵਿੱਚ ਅਪਲਾਈ ਕਰਦਾ ਹੈ ਤਾਂ ਉਸ ਵਲੋਂ ਜਮਾਂ ਕਰਵਾਈ ਗਈ ਰਕਮ ਜਬਤ ਕਰ ਲਈ ਜਾਵੇਗੀ। 7.5 ਐਚ.ਪੀ. ਦੇ ਪੰਪ ਲਈ ਜਿੰਨੀ ਸਬਸਿਡੀ ਤੈਅ ਹੋਈ ਹੈ ਉੰਨੀ ਹੀ ਸਬਸਿਡੀ 10 ਐਚ.ਪੀ. ਦੇ ਪੰਪ ਲਈ ਦਿੱਤੀ ਜਾਵੇਗੀ ਜਿਸ ਕਰਕੇ ਇਸ ਪੰਪ ਵਾਸਤੇ ਆਮ ਸ਼੍ਰੇਣੀ ਦੇ ਕਿਸਾਨ ਦੇ ਹਿੱਸੇ ਦੀ ਰਕਮ 40% ਅਤੇ ਅਨੁਸੂਚਿਤ ਜਾਤੀ ਕੇ ਕਿਸਾਨ ਦੇ ਹਿੱਸੇ ਦੀ ਰਕਮ

20% ਤੋਂ ਵੱਧ ਹੋ ਗਈ ਹੈ। ਕਿਸਾਨਾਂ ਵਲੋਂ ਵੱਖ-ਵੱਖ ਸਮਰੱਥਾ ਦੇ ਸੋਲਰ ਪੰਪਾਂ ਲਈ ਜਮ੍ਹਾਂ ਕੀਤੀ ਜਾਣ ਵਾਲੀ ਰਕਮ ਦਾ ਵੇਰਵਾ **ਪੇਜ਼ ਨੰ.** 9 ਤੇ ਦਰਸਾਇਆ ਗਿਆ ਹੈ।

g. ਸੋਲਰ ਪੰਪਾਂ ਦੀ ਅਲਾਟਮੈਂਟ ਪਹਿਲਾਂ ਆਓ ਪਹਿਲਾਂ ਪਾਓ ਦੇ ਅਧਾਰ ਤੇ ਕੀਤੀ ਜਾਵੇਗੀ ਪ੍ਰੰਤੂ ਲਘੂ (ਮਾਈਕਰੋ) ਸਿੰਚਾਈ ਵਾਲੇ ਕਿਸਾਨਾਂ ਨੂੰ ਪਹਿਲ ਦਿੱਤੀ ਜਾਵੇਗੀ ।

i. ਸਕੀਮ ਬੰਦ ਹੋਣ ਉਪਰੰਤ ਮਾਈਕਰੋ ਇਰੀਗੇਸ਼ਨ ਵਾਲੇ (ਆਮ ਅਤੇ ਅਨੁਸੂਚਿਤ ਜਾਤੀ) ਦੇ ਕਿਸਾਨਾਂ ਦੀ ਅੱਲਗ Seniority ਲਿਸਟ ਬਣਾਈ ਜਾਵੇਗੀ ਜਿਸ ਨੂੰ ਦੂਜਿਆਂ ਦੇ ਮੁਕਾਬਲੇ ਅਲਾਟਮੈਂਟ ਲਈ ਪਹਿਲ ਦਿੱਤੀ ਜਾਵੇਗੀ ।

ii. ਪਹਿਲਾਂ ਮਾਈਕਰੋ ਇਰੀਗੇਸ਼ਨ ਵਾਲੇ ਕਿਸਾਨਾ ਨੂੰ ਅਲਾਟਮੈਂਟ ਕੀਤੀ ਜਾਵੇਗੀ ਅਤੇ ਉਸ ਤੋਂ ਬਾਅਦ ਬਾਕੀ ਕਿਸਾਨਾਂ ਨੂੰ Seniority ਅਨੁਸਾਰ ਅਲਾਟਮੈਂਟ ਹੋਵੇਗੀ ।

iii. ਸਲੈਕਸ਼ਨ ਪ੍ਰੋਸ਼ੈਸ ਦੋਰਾਨ ਅਗਰ ਕੋਈ ਕਿਸਾਨ ਆਪਣੀ ਅਰਜੀ ਵਾਪਿਸ ਲੈਂਦਾ ਹੈ ਤਾਂ ਉਸ ਦੀ ਸੀਨੀਅਰਤਾ ਸਮਾਪਤ ਹੋ ਜਾਵੇਗੀ ਅਤੇ ਉਸ ਦਾ ਸੋਲਰ ਪੰਪ ਤੇ ਕੋਈ ਅਧਿਕਾਰ ਨਹੀਂ ਰਹੇਗਾ ਅਤੇ ਉਹ ਪੰਪ ਦੂਜੇ ਕਿਸਾਨ ਨੂੰ ਸੀਨੀਅਰਤਾ ਅਨੁਸਾਰ ਅਲਾਟ ਕਰ ਦਿੱਤਾ ਜਾਵੇਗਾ।

h. ਜਿਨ੍ਹਾਂ ਕਿਸਾਨਾਂ ਨੂੰ ਸੋਲਰ ਪੰਪ ਅਲਾਟ ਹੋ ਜਾਣਗੇ ਉਹ ਸਿੰਚਾਈ ਲਈ ਪੀ.ਐਸ.ਪੀ.ਸੀ.ਐਲ ਦੇ ਵੱਖਰੇ ਬਿਜਲੀ ਦੇ ਕੁਨੈਕਸ਼ਨ ਲਈ ਯੋਗ ਨਹੀ ਹੋਣਗੇ । ਪ੍ਰੰਤੂ ਜੇਕਰ ਪੀ.ਐਸ.ਪੀ.ਸੀ.ਐਲ ਚਾਹੇ ਤਾਂ ਇਨ੍ਹਾਂ ਸੋਲਰ ਪੰਪਾਂ ਨੂੰ ਗਰਿੱਡ ਕੁਨੈਕਟਡ ਸੋਲਰ ਪੰਪਾਂ ਵਿੱਚ ਤਬਦੀਲ ਕੀਤਾ ਜਾ ਸਕਦਾ ਹੈ, ਤਾਂ ਕਿ ਕਿਸਾਨ ਵਾਧੂ ਪਾਵਰ ਪੀ.ਐਸ.ਪੀ.ਸੀ.ਐਲ ਨੂੰ ਵੇਚ ਕੇ ਆਪਣੀ ਆਮਦਨ ਵਧਾ ਸਕਣ । ਸੋਲਰ ਪੰਪਾਂ ਦੀ ਵਾਧੂ ਬਿਜਲੀ ਗਰਿੱਡ ਨੂੰ ਦੇਣ ਵਾਸਤੇ ਕਿਸਾਨਾਂ ਨੂੰ ਸਿਸਟਮ ਵਿੱਚ ਲੋੜੀਂਦੀ ਤਬਦੀਲੀ ਕਰਨੀ ਹੋਵੇਗੀ। ਸੋਲਰ ਪੰਪਾਂ ਲਈ ਚੋਣ ਕੀਤੇ ਗਏ ਕਿਸਾਨਾਂ ਦੀ ਲਿਸਟ, ਪੀ.ਐਸ.ਪੀ.ਸੀ.ਐਲ ਨੂੰ ਜਾਣਕਾਰੀ ਲਈ ਭੇਜੀ ਜਾਵੇਗੀ।

i. ਜੋ ਕਿਸਾਨ/ ਪੰਚਾਇਤਾਂ ਪੇਂਡੂ ਤਲਾਬਾਂ/ ਫਾਰਮ ਤਲਾਬਾਂ/ ਡਿੱਗੀਆਂ ਵਿੱਚੋ ਡੀਜਲ ਪੰਪਾਂ ਨਾਲ ਸਿੰਚਾਈ ਕਰਦੇ ਹਨ ਜਾਂ ਕਰਨਾ ਚਾਹੁੰਦੇ ਹਨ ਉਨ੍ਹਾਂ ਨੂੰ ਤਲਾਬ / ਨਹਿਰੀ ਜਾਂ ਦਰਿਆਈ ਪਾਣੀ ਨਾਲ ਭਰਨ ਵਾਲੀ ਡਿੱਗੀ ਦੀ ਫੋਟੋ **ਜਾਂ** ਖੇਤੀਬਾੜੀ / ਬਾਗਬਾਨੀ / Soil and Water Conservation ਵਿਭਾਗਾਂ ਦੇ ਸਬੰਧਤ ਅਧਿਕਾਰੀਆਂ ਵਲੋਂ ਜਾਰੀ ਕੀਤਾ ਗਿਆ ਸਰਟੀਫਿਕੇਟ **(Annexure-III)** ਅਨੁਸਾਰ **ਜਾਂ** ਹਲਫੀਆ ਬਿਆਨ / ਖੁਦ ਤਸਦੀਕ ਕੀਤਾ ਹੋਇਆ ਸਰਟੀਫਿਕੇਟ **Annexure-III(a)** ਅਨੁਸਾਰ ਵੈਬ ਸਾਈਟ ਤੇ ਜਮ੍ਹਾਂ ਕਰਨਾ ਹੋਵੇਗਾ। ਡਾਰਕ ਜ਼ੋਨਾਂ ਵਾਲੇ ਕਿਸਾਨਾਂ ਨੂੰ ਪੂਰੀ ਪੜਤਾਲ ਕਰਨ ਉਪਰੰਤ ਹੀ ਆਪਣੀ ਜਮੀਨ ਵਾਲੇ ਪਿੰਡਾਂ ਦੇ ਨਾਮ ਬਿਨੈ-ਪੱਤਰ ਫਾਰਮ ਅਤੇ ਸਬੰਧਤ ਸਰਟੀਫਿਕੇਟਾਂ ਵਿੱਚ ਭਰਨੇ ਚਾਹੀਦੇ ਹਨ । ਅਗਰ ਕਿਸੇ ਡਾਰਕ ਜ਼ੋਨ ਵਾਲੇ ਕਿਸਾਨ ਨੇ ਆਪਣੀ ਜਮੀਨ 33 ਬਲਾਕਾਂ ਦੇ ਕਿਸੇ ਇਕ ਪਿੰਡ ਵਿੱਚ ਦਰਸ਼ਾ ਦਿੱਤੀ ਤਾਂ ਉਸ ਵੱਲੋਂ ਜਮਾਂ ਕਰਵਾਈ ਗਈ ਰਕਮ ਵਿੱਚੋਂ 10% ਰਕਮ ਕਟ ਲਈ ਜਾਵੇਗੀ ਅਤੇ ਬਿਨੈ-ਪੱਤਰ ਰੱਦ ਕਰ ਦਿੱਤਾ ਜਾਵੇਗਾ। ਅਗਰ ਕਿਸੇ ਕਾਰਣ ਸੋਲਰ ਪੰਪ ਲਗ ਜਾਂਦਾ ਹੈ ਤਾਂ ਕਿਸਾਨ ਨੂੰ ਮਾਇਕਰੋ ਸਿੰਚਾਈ ਸਿਸਟਮ ਲਗਵਾਉਣਾ ਹੋਵੇਗਾ ਜਾਂ ਉਸ ਨੂੰ ਸੋਲਰ ਪੰਪ ਦੀ ਪੂਰੀ ਕੀਮਤ ਪੇਡਾ ਨੂੰ ਵਾਪਿਸ ਕਰਨੀ ਹੋਵੇਗੀ ਅਤੇ ਕਾਨੂੰਨੀ ਕਾਰਵਾਈ ਸਾਮਣਾ ਕਰਨਾ ਪਵੇਗਾ।

j. ਕਿਸਾਨਾਂ ਨੂੰ ਸੋਲਰ ਪੰਪਾਂ ਦੀ ਅਲਾਟਮੈਂਟ, ਭਾਰਤ ਸਰਕਾਰ ਅਤੇ ਰਾਜ ਸਰਕਾਰ ਵਲੋਂ ਦਿੱਤੀ ਜਾਣ ਵਾਲੀ ਸਬਸਿਡੀ ਦੀ ਉਪਲੱਬਧਤਾ ਅਤੇ ਕੰਪਨੀ ਵਲੋਂ ਸੋਲਰ ਪੰਪ ਲਗਾਉਣ ਦੀ ਸਹਿਤਮੀ ਦੇ ਅਧਾਰ ਤੇ ਹੀ ਕੀਤੀ ਜਾਵੇਗੀ। ਲੋੜੀਂਦੇ ਫੰਡ ਉਪਲੱਬਧ ਨਾ ਹੋਣ / ਕੰਪਨੀ ਵਲੋਂ ਸੋਲਰ ਪੰਪ ਲਗਾਉਣ ਲਈ ਸਹਿਮਤੀ ਨਾ ਦੇਣ / ਸਰਕਾਰ ਵਲੋਂ ਸਕੀਮ ਨੂੰ ਵਾਪਿਸ ਲੈਣ ਕਾਰਨ ਜਾਂ ਅਰਜੀ ਰੱਦ ਹੋਣ ਕਾਰਨ ਜਾਂ ਕਿਸੇ ਹੋਰ ਕਾਰਣ ਕਰਕੇ ਜੇਕਰ ਬਿਨੈਕਾਰ ਨੂੰ ਸੋਲਰ ਪੰਪ ਦੀ ਅਲਾਟਮੈਂਟ ਨਹੀਂ ਹੁੰਦੀ ਤਾਂ ਬਿਨੈਕਾਰ ਸੋਲਰ ਪੰਪ ਦੀ ਅਲਾਟਮੈਂਟ ਲਈ ਦਾਅਵਾ ਨਹੀਂ ਕਰ ਸਕੇਗਾ।ਅਜਿਹੀ ਸਥਿਤੀ ਵਿੱਚ ਕਿਸਾਨ ਵਲੋਂ ਜਮਾਂ ਕਰਵਾਈ ਗਈ ਰਕਮ ਵਾਪਿਸ ਕਰ ਦਿੱਤੀ ਜਾਵੇਗੀ। ਆਮ ਹਲਾਤਾਂ ਵਿੱਚ ਸੋਲਰ ਪੰਪ ਅਲਾਟਮੈਂਟ ਦੀ ਤਰੀਕ ਤੋਂ 9 ਮਹੀਨੇ ਵਿੱਚ ਲਗਾਏ ਜਾਣਗੇ। ਅਗਰ ਕਿਸੇ ਕਾਰਨ ਸੋਲਰ ਪੰਪ ਦਿੱਤੇ ਸਮੇਂ ਵਿੱਚ ਨਹੀ ਲੱਗਦੇ ਤਾਂ ਕਿਸਾਨ ਇਹਨਾਂ ਨੂੰ ਜਲਦੀ ਲਗਾਉਣ ਲਈ ਪੇਡਾ ਨੂੰ ਮਜਬੂਰ ਨਹੀਂ ਕਰਨਗੇ। ਸੋਲਰ ਪੰਪ ਲਗਾਉਣ ਦਾ ਕੰਮ ਵੱਖ ਵੱਖ ਕੰਪਨੀਆਂ ਵਲੋਂ ਕੀਤਾ ਜਾਵੇਗਾ ਅਤੇ ਉਹਨਾ ਨੂੰ ਸੋਲਰ ਪੰਪ ਸੀਨੀਅਰਤਾ ਅਨੁਸਾਰ ਅਲਾਟ ਨਹੀ ਹੋਣਗੇ। ਇਸ ਲਈ ਕਿਸਾਨ ਸੋਲਰ ਪੰਪ ਸੀਨੀਅਰਤਾ ਅਨੁਸਾਰ ਲਗਾਉਣ ਲਈ ਵੀ ਨਹੀ ਕਹਿਣਗੇ।

k. ਪੇਡਾ ਦੇ ਜਿਲ੍ਹਾ ਮੈਨੇਜਰ /ਕੰਪਨੀ ਦੇ ਕਰਮਚਾਰੀ ਵਲੋਂ ਕਿਸਾਨਾਂ ਦੀ ਜਮੀਨ ਦਾ ਸਰਵੇ ਬਿਨੈ ਪੱਤਰ ਵਿੱਚ ਦਿੱਤੀ ਗਈ ਜਾਣਕਾਰੀ ਦੀ ਪੜਤਾਲ ਕਰਨ ਲਈ ਕੀਤਾ ਜਾਵੇਗਾ । ਅਗਰ ਕਿਸਾਨ ਵਲੋਂ ਦਿੱਤੀ ਗਈ ਕੋਈ ਜਾਣਕਾਰੀ ਗਲਤ ਪਾਈ ਜਾਂਦੀ ਹੈ ਤਾਂ ਬਿਨੈ ਪੱਤਰ ਰੱਦ ਕਰਕੇ ਸਕੀਮ ਵਿੱਚ ਦਿੱਤੀ ਲਾਗੂ ਹੁੰਦੀ ਸ਼ਰਤ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

l. ਕੰਪਨੀ ਦੇ ਸੁਝਾਅ ਅਨੁਸਾਰ ਕਿਸਾਨਾਂ ਵਲੋਂ ਲੋੜੀਂਦੇ ਸਾਈਜ ਦਾ ਮੁੰਕਮਲ ਬੋਰਵੈਲ ਅਤੇ ਪੱਧਰੀ ਜ਼ਮੀਨ ਕੰਪਨੀ ਨੂੰ ਸੋਲਰ ਪੰਪ ਲਗਾਉਣ ਲਈ ਦੇਣੀ ਹੋਵੇਗੀ ਅਤੇ ਜੇਕਰ ਕਿਸਾਨ ਪੇਡਾ ਦੇ ਜਿਲ੍ਹਾ ਮੈਨੇਜਰ ਜਾਂ ਕੰਪਨੀ ਦੇ ਕਰਮਚਾਰੀ ਵਲੋਂ ਸਾਈਟ ਦੇ ਸਰਵੇ ਤੋਂ 15 ਦਿਨਾਂ ਅੰਦਰ ਮੁਕੰਮਲ ਬੋਰ ਅਤੇ ਪੱਧਰੀ ਜ਼ਮੀਨ ਦੇਣ ਵਿਚ ਅਸਫਲ ਰਹਿੰਦਾ ਹੈ ਤਾਂ ਉਸ ਕਿਸਾਨ ਦਾ ਸੋਲਰ ਪੰਪ ਰੱਦ ਕਰ ਦਿੱਤਾ ਜਾਵੇਗਾ ਜਿਸ ਤੇ ਕਿਸਾਨ ਦਾ ਕੋਈ ਅਧਿਕਾਰ ਨਹੀਂ ਰਹੇਗਾ ਅਤੇ ਇਹ ਪੰਪ ਅਗਲੇ ਯੋਗ ਬਿਨੈਕਾਰ ਨੂੰ ਸੀਨੀਅਰਤਾ ਅਨੁਸਾਰ ਅਲਾਟ ਕਰ ਦਿੱਤਾ ਜਾਵੇਗਾ।

m. ਕਿਸਾਨ ਵਲੋਂ ਤਕਨੀਕੀ ਯੋਗਤਾ ਜਾਂ ਕੋਈ ਹੋਰ ਖਾਮੀ ਜਿਵੇਂ ਆਪਣੇ ਹਿਸੇ ਦੀ ਪੂਰੀ ਰਕਮ ਜਮਾਂ ਨਾ ਕਰਨ, ਜਾਂ ਘੱਟ ਰਕਮ ਜਮਾਂ ਕਰਵਾਉਣਾ, ਲੋੜੀਂਦੀ ਜ਼ਮੀਨ ਦਾ ਪੂਰਾ ਨਾ ਹੋਣਾ, ਸੋਲਰ ਪੰਪ ਲਗਾਉਣ ਲਈ ਬੋਰ ਅਤੇ ਪੱਧਰੀ ਜ਼ਮੀਨ ਦਾ ਨਾ ਹੋਣਾ, ਪਾਣੀ ਦੀ ਡੂੰਘਾਈ ਜ਼ਿਆਦਾ ਹੋਣਾ ਅਤੇ ਝਗੜੇ ਵਾਲੀ ਜ਼ਮੀਨ ਹੋਣ ਦੀ ਸੂਰਤ ਵਿੱਚ ਪੇਡਾ ਵਲੋਂ ਬਿਨੈ-ਪੱਤਰ ਰੱਦ ਕਰ ਦਿੱਤਾ ਜਾਵੇਗਾ।

n. ਜਿਨ੍ਹਾਂ ਕਿਸਾਨਾਂ ਨੂੰ ਸੋਲਰ ਪੰਪ ਅਲਾਟ ਨਹੀਂ ਹੁੰਦੇ ਉਨ੍ਹਾਂ ਵਲੋਂ ਜਮ੍ਹਾਂ ਕਰਵਾਈ ਗਈ ਰਕਮ, ਸਫਲ ਕਿਸਾਨਾਂ ਦੀ ਅਲਾਟਮੈਂਟ ਤੋਂ 2 ਮਹੀਨੇ ਬਾਅਦ ਵਾਪਿਸ ਕੀਤੀ ਜਾਵੇਗੀ ।

o. ਅਗਰ ਕਿਸੇ ਕਿਸਾਨ ਵਲੋਂ ਪੰਪ ਅਲਾਟ ਹੋਣ ਤੋਂ ਬਾਅਦ ਜਮ੍ਹਾਂ ਕਰਾਈ ਰਕਮ ਵਾਪਿਸ ਮੰਗੀ ਜਾਂਦੀ ਹੈ ਤਾਂ 10% ਰਕਮ ਕੱਟ ਕੇ ਬਾਕੀ ਰਕਮ ਵਾਪਿਸ ਕੀਤੀ ਜਾਵੇਗੀ। ਅਗਰ ਰਕਮ ਵਾਪਿਸ ਕਰਨ ਦੀ ਪ੍ਰਕਿਰਿਆ ਦੌਰਾਨ ਸੋਲਰ ਪੰਪ ਲੱਗ ਜਾਂਦਾ ਹੈ ਤਾਂ ਕਿਸਾਨ ਨੂੰ ਦੁਬਾਰਾ ਆਪਣੇ ਹਿੱਸੇ ਦੀ ਪੂਰੀ ਰਕਮ ਪੇਡਾ ਨੂੰ ਜਮਾਂ ਕਰਵਾਉਣੀ ਹੋਵੇਗੀ।

p. ਜੇਕਰ ਸੋਲਰ ਪੰਪ ਅਲਾਟ ਹੋਣ ਤੋਂ ਬਾਅਦ ਅਤੇ ਸਥਾਪਿਤ ਕਰਨ ਤੋਂ ਪਹਿਲਾਂ ਕਿਸਾਨ ਵਲੋਂ ਦਿੱਤੀ ਗਈ ਕੋਈ ਜਾਣਕਾਰੀ ਗਲਤ ਪਾਈ ਜਾਂਦੀ ਹੈ ਜਾਂ ਕਿਸਾਨ ਮਿੱਥੇ ਸਮੇਂ ਅਨੁਸਾਰ ਬੋਰ ਕਰਨ, ਪੱਧਰੀ ਜਗ੍ਹਾ ਦੇਣ ਅਤੇ ਮਾਈਕਰੋ ਸਿਸਟਮ ਲਗਾਉਣ ਵਿੱਚ ਅਸਫਲ ਰਹਿੰਦਾ ਹੈ ਜਿਸ ਕਰਕੇ ਸੋਲਰ ਪੰਪ ਲਗਾਇਆ ਨਹੀਂ ਜਾ ਸਕਿਆ ਤਾਂ ਪੇਡਾ ਵਲੋਂ ਅਰਜੀ ਰੱਦ ਕਰਕੇ ਕਿਸਾਨ ਵਲੋਂ ਜਮ੍ਹਾਂ ਕਰਵਾਈ ਗਈ ਰਕਮ ਵਿੱਚੋਂ 10% ਕੱਟ ਕੇ ਬਾਕੀ ਦੀ ਰਕਮ ਵਾਪਿਸ ਕੀਤੀ ਜਾਵੇਗੀ।

q. ਜੇਕਰ ਸੋਲਰ ਪੰਪ ਲਗਾਉਣ ਤੋਂ ਬਾਅਦ ਕਿਸਾਨ ਵਲੋਂ ਦਿੱਤੀ ਗਈ ਕੋਈ ਜਾਣਕਾਰੀ ਗਲਤ ਪਾਈ ਜਾਂਦੀ ਹੈ ਤਾਂ ਕਿਸਾਨ ਸੋਲਰ ਪੰਪ ਦੀ ਪੂਰੀ ਰਕਮ ਸਰਕਾਰ / ਪੇਡਾ ਨੂੰ ਵਾਪਿਸ ਦੇਣ ਲਈ ਪਾਬੰਦ ਹੋਵੇਗਾ ਜਾਂ ਪੇਡਾ ਵਲੋਂ ਸੋਲਰ ਪੰਪ ਪੁੱਟ ਲਿਆ ਜਾਵੇਗਾ।

r. ਕਿਸਾਨ, ਪੇਡਾ ਦੀ ਮੰਨਜੂਰੀ ਤੋਂ ਬਿਨਾਂ ਨਾ ਹੀ ਸੋਲਰ ਪੰਪ ਦੀ ਜਗਾ ਤਬਦੀਲ ਕਰ ਸਕੇਗਾ, ਨਾ ਹੀ ਸੋਲਰ ਪੰਪ ਕਿਸੇ ਨੂੰ ਵੇੱਚ ਸਕੇਗਾ, ਨਾ ਕਿਸੇ ਦੇ ਨਾਮ ਤੇ ਤਬਦੀਲ ਕਰ ਸਕੇਗਾ ਅਤੇ ਨਾ ਹੀ ਕਿਸੇ ਹੋਰ ਥਾਂ ਤੇ ਸ਼ਿਫਟ ਕਰ ਸਕੇਗਾ। ਅਗਰ ਕਿਸਾਨ ਅਜਿਹਾ ਕਰਦਾ ਹੈ ਤਾਂ ਉਹ ਸੋਲਰ ਪੰਪ ਦੀ ਪੂਰੀ ਕੀਮਤ ਪੇਡਾ ਨੂੰ ਵਾਪਿਸ ਕਰਨ ਲਈ ਪਾਬੰਦ ਹੋਵੇਗਾ। ਇਹ ਸ਼ਰਤ ਜਮੀਨ ਸਹਿਤ ਸੋਲਰ ਪੰਪ ਵੇਚਣ ਵਾਲੇ ਕਿਸਾਨਾਂ ਤੇ ਲਾਗੂ ਨਹੀ ਹੋਵੇਗੀ।

s. ਨਿਯਮ b(iv), q ਅਤੇ r ਦੇ ਸਬੰਧ ਵਿੱਚ ਰਕਮ ਵਸੂਲੀ ਲਈ ਕਿਸਾਨ ਨੂੰ ਪੱਤਰ ਲਿਖਿਆ ਜਾਵੇਗਾ ਅਤੇ ਕਿਸਾਨ ਵਲੋਂ ਰਕਮ ਜਮ੍ਹਾਂ ਨਾ ਕਰਵਾਉਣ ਤੇ ਰਕਮ ਵਸੂਲ ਕਰਨ ਲਈ ਨਿਯਮਾਂ ਅਨੁਸਾਰ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

t. ਸੋਲਰ ਪੰਪਾਂ ਦੀ ਮੁਰੰਮਤ ਦਾ ਕੰਮ ਪਹਿਲੇ 5 ਸਾਲਾਂ ਲਈ ਕੰਪਨੀ ਕੋਲ ਹੋਵੇਗਾ ਲੇਕਿਨ ਇਨ੍ਹਾਂ ਨੂੰ ਚਲਾਉਣ, ਰੋਜਾਨਾ ਸਾਫ-ਸਫਾਈ ਕਰਨ ਅਤੇ ਰਖਵਾਲੀ ਕਰਨ ਦੀ ਜਿੰਮੇਵਾਰੀ ਕਿਸਾਨਾਂ ਦੀ ਹੋਵੇਗੀ।ਕੰਪਨੀ ਵਲੋਂ ਸੋਲਰ ਪੰਪਾਂ ਦਾ ਪਹਿਲੇ 5 ਸਾਲਾਂ ਲਈ ਬੀਮਾ ਕਰਵਾਇਆ ਜਾਵੇਗਾ। ਚੋਰੀ ਹੋਣ ਦੀ ਸੂਰਤ ਵਿੱਚ ਕਿਸਾਨ ਥਾਣੇ ਵਿਚ ਐਫ.ਆਈ.ਆਰ ਦਰਜ ਕਰਵਾਏਗਾ ਅਤੇ ਕਲੇਮ ਲੈਣ ਲਈ ਹੋਰ ਲੋੜੀਂਦੀਆ ਕਾਰਵਾਈਆਂ ਕਰਕੇ ਕਾਗਜਾਤ ਸਬੰਧਤ ਕੰਪਨੀ ਨੂੰ ਦੇਵੇਗਾ। ਸੋਲਰ ਪੰਪਾਂ ਨੂੰ ਹੋਣ ਵਾਲੇ ਕਿਸੇ ਵੀ ਤਰਾਂ ਦੇ ਨੁਕਸਾਨ ਲਈ ਪੇਡਾ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ। 5 ਸਾਲਾਂ ਤੋਂ ਬਾਅਦ ਸੋਲਰ ਪੰਪਾਂ ਦੀ ਮੁਰੰਮਤ ਅਤੇ ਬੀਮਾ ਆਦਿ ਦੀ ਜਿੰਮੇਵਾਰੀ ਕਿਸਾਨਾਂ ਦੀ ਹੋਵੇਗੀ।

